ISSN 0972-2335

ਅੰਮ੍ਰਿਤ ਕੀਰਤਨ

ਫ਼ਰਵਰੀ 2020

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

ਜੇਠ

ਜੇਠ ਚੜ੍ਹਿਆ ਧੁੱਪਾਂ ਭੀ ਚੜ੍ਹੀਆਂ
ਗਰਮ ਹਵਾਵਾਂ ਘੁੱਲੀਆਂ ਨੀ।
ਯਾਦ ਤੇਰੀ ਵਿਚ ਘੁੰਮਣ ਖਾਵਾਂ
ਜਿਉਂ ਚਕੀਆਂ ਦੀਆਂ ਪੁਲੀਆਂ ਨੀ।
ਮੇਰੇ ਜਹੀਆਂ ਕਈ ਵੈਣ-ਵਰੋਲੇ
ਪਾਵਣ 'ਤੇ ਹੀ ਤੁਲੀਆਂ ਨੀ।
ਜਿਨ੍ਹਾਂ ਦੇ ਮਾਹੀ ਕਰਨ ਕਲੋਲਾਂ
ਹੱਸ ਹੱਸ ਕੇ ਉਹੀ ਫੁਲੀਆਂ ਨੀ।
ਲੋਕੀ ਪੀਂਦੇ ਭਰ ਭਰ ਪਿਆਲਾ
ਮੇਰੇ ਭਾ ਦੀਆਂ ਚੁੱਲੀਆਂ ਨੀ।
ਬਿਨਾਂ ਪਿਆਰ ਮੈਂ ਰੋਂਦੀ ਫਿਰਦੀ
ਬੰਦ ਹੋਈਆਂ ਮੇਰੈ ਬੁਲ੍ਹੀਆਂ ਨੀ।
ਭਿੱਜਿਆ ਮੁਖੜਾ ਕੌਣ ਸੁਕਾਵੇ
ਅੱਖਾਂ 'ਚੋਂ ਬੂੰਦਾਂ ਡੁੱਲ੍ਹੀਆਂ ਨੀ।
ਅੱਖਾਂ ਖੋਲ੍ਹ ਐ ਮਿਹਰਾਂ ਵਾਲੇ
ਢੇਰ ਚਿਰਾਂ ਤੋਂ ਸੁਲੀਆਂ ਨੀ।
ਸੰਤੋਖ ਸਿੰਘਾ ਹੁਣ ਆ ਜਾਉ ਜਾਨੀ
ਦਰਸ਼ਨ ਲਈ ਅੱਖਾਂ ਖੁਲ੍ਹੀਆਂ ਨੀ।

जेठ

जेठ चढ़िया धुप्पां भी चढ़ीयां
गर्म हवावां घुल्लीआं नी।
याद तेरी विच घुमण खावाँ
जिऑं चकीयां दीआं पुलीआं नी।
मेरे जहीआं कई वैण वरोले
पावण ते ही तुलिआं नी।
जिन्हां दे माही करन क्लोलां
हस हस के ओह फुलीआं नी।
लोकी पींदे भर भर प्याला
मेरे भा दीआं चुलीआं नी।
बिनां प्यार मैं रोंदी फिरदी
बंद होईआं मेरी बुलीआंनी।
भिज्जिआ मुखड़ा कौन सुकावै
अख्खां चों बूंदां डुल्लीआं नी।
अख्खां खोल ऐ मेहरां वाले
ढेर चिरां तों सुलीआं नी।
संतोख सिंघा हुण आ जाओ जानी
दर्शन लई अख्खां खुलीआं नी।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ),
ਪੀਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ

- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com

Website: http://www.amritkirtan.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

ਇਸ ਅੰਕ ਵਿਚ

ਜੇਠ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ	ਟਾ-2
ਸੰਪਾਦਕੀ: ਕਰਉ ਬੇਨੰਤੀਆ: ਜਿਥੇ ਜਾਇ ਬਹੀਏ ਭਲਾ ਕਹੀਐ	2
ਗੁਰੂ ਘਰ ਦਾ ਸਾਜ਼ ਪਖਾਵਜ – ਪ੍ਰੋ: ਹਰਭਜਨ ਸਿੰਘ ਧਾਰੀਵਾਲ	4
ਪੰਜਾਬੀ ਕਿੱਸਾ ਗਾਇਕੀ: ਕਵੀਸ਼ਰੀ – ਖੋਜਾਰਥੀ ਮਨਪ੍ਰੀਤ ਸਿੰਘ	6
Life and Legacy of Guru Nanak Dev Ji – Book Review by Prof. (Dr) Harpreet Kaur	12
ਸੰਗੀਤ ਦੀ ਸਾਰਥਕਤਾ – ਡਾ: ਨਿਵੇਦਿਤਾ ਸਿੰਘ	15
ਜੀਵਨ ਬਿਓਰਾ ਪ੍ਰੋ: ਹਰਭਜਨ ਸਿੰਘ ਧਾਰੀਵਾਲ	17
ਸੁਰਲਿਪੀ – ਰਾਗ ਬਹਾਰ – ਸਰਦਾਰ ਗੁਰਬਖਸ਼ ਸਿੰਘ	19
ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ	ਟਾ-3

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

ਜਿਥੇ ਜਾਇ ਬਹੀਐ ਭਲਾ ਕਹੀਐ

ਇਕ ਦਫ਼ਤਰ ਦੇ ਅਫ਼ਸਰ ਦੀ ਮੇਜ਼ ਤੇ ਸਾਹਮਣੇ ਇੱਕ ਤਖਤੀ ਰੱਖੀ ਹੋਈ ਸੀ। ਜਦੋਂ ਵੀ ਉਸ ਨੂੰ ਕੋਈ ਮਿਲਣ ਆਉਦਾ ਤਾਂ ਉਹ ਪੜ੍ਹਦਾ – ਮੇਰੇ ਨਾਲ ਕੋਈ ਚੰਗੀ ਗੱਲ ਕਰੋ ਜਾਂ ਚੁੱਪ ਰਹੋ। – ਉਸ ਅਫ਼ਸਰ ਨੇ ਆਪਣੇ ਵਾਸਤੇ ਵੀ ਇਸ ਤਖਤੀ ਦੇ ਦੂਜੇ ਪਾਸੇ ਲਿਖਿਆ ਸੀ – ਮੈਂ ਇਹਨਾਂ ਨਾਲ ਕੋਈ ਚੰਗੀ ਗੱਲ ਕਰਾਂ ਜਾਂ ਚੁੱਪ ਰਹਾਂ।

ਅੱਜ ਕਲ੍ਹ ਹਰ ਹੋਟਲ ਜਾਂ ਢਾਬੇ ਤੇ ਫੂਡ ਪਾਇਜ਼ਨਿੰਗ ਦਾ ਬੜਾ ਧਿਆਨ ਰੱਖਿਆ ਜਾਂਦਾ ਹੈ। ਸਰਕਾਰੀ ਮਹਿਕਮੇ ਹਰ ਸਮੇਂ ਪੜਤਾਲ ਕਰਦੇ ਰਹਿੰਦੇ ਹਨ ਕਿਤੇ ਕੋਈ ਜ਼ਰਿਰੀਲੀ ਵਸਤੂ ਨਾ ਹੋਵੇ। ਅਸੀਂ ਆਪਣੇ ਸਰੀਰ ਨੂੰ ਜ਼ਹਿਰ ਤੋਂ ਬਚਾਉਣ ਦੇ ਅਨੇਕ ਜਤਨ ਕਰਦੇ ਹਾਂ। ਪਰ ਇਕ ਹੋਰ ਜ਼ਹਿਰ ਹੈ ਜਿਹੜਾ ਸਰੀਰਕ ਜ਼ਹਿਰ ਨਾਲੋਂ ਵੀ ਵਧੇਰੇ ਹਾਨੀਕਾਰਕ ਹੁੰਦਾ ਹੈ – ਉਹ ਹੈ ਵਿਚਾਰਾਂ ਦਾ ਜ਼ਹਿਰ – ਜਿਸਨੂੰ ਆਮ ਬੋਲਚਾਲ ਵਿੱਚ ਅਸੀਂ ਗਪਸ਼ਪ ਕਹਿ ਦਿੰਦੇ ਹਾਂ। ਇਸ ਨਾਲ ਜਿਹੜਾ ਜ਼ਹਿਰ ਫ਼ੈਲਦਾ ਹੈ ਉਹ ਤਨ ਅਤੇ ਮਨ ਦੋਹਾਂ ਨੂੰ ਖਰਾਬ ਕਰਦਾ ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਆਖਦੇ ਹਨ 'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।'

ਕਹਿੰਦੇ ਹਨ ਇਕ ਵਾਰ ਸੁਕਰਾਤ ਨੂੰ ਇਕ ਭੱਦਰ ਪੁਰਸ਼ ਮਿਲਣ ਆਇਆ ਤੇ ਕਹਿਣ ਲੱਗਾ– 'ਤੁਸੀਂ ਫ਼ਲਾਣੇ ਵਿਦਵਾਨ ਬਾਰੇ ਸੁਣਿਆ ਹੈ?'

ਸੁਕਰਾਤ ਨੇ ਵਿੱਚੋਂ ਹੀ ਟੋਕਦਿਆਂ ਪੁਛਿਆ ਕਿ ਸ਼੍ਰੀਮਾਨ ਜਿਹੜੀ ਗੱਲ ਤੁਸੀਂ ਮੈਨੂੰ ਦੱਸਣ ਲੱਗੇ ਹੋ ਕੀ ਇਸ ਨਾਲ ਉਸ ਵਿਦਵਾਨ ਨੂੰ ਕੋਈ ਲਾਭ ਹੋਵੇਗਾ?

ਭਦਰ ਪੁਰਸ਼ ਨੇ ਕਿਹਾ – ਨਹੀਂ

ਕੀ ਇਸ ਗੱਲ ਨਾਲ ਤੁਹਾਨੂੰ ਕੋਈ ਲਾਭ ਹੋਵੇਗਾ?

ਨਹੀਂ

ਕੀ ਇਸ ਨਾਲ ਮੈਨੂੰ ਕੋਈ ਲਾਭ ਹੋਵੇਗਾ?

ਨਹੀਂ

ਫਿਰ ਆਪਾਂ ਕੋਈ ਹੋਰ ਗੱਲ ਕਰੀਏ।

ਸਾਡੇ ਮਹਾਂ ਪੁਰਸ਼ ਇਸ ਗੱਲ ਦਾ ਬੜਾ ਧਿਆਨ ਰਖਦੇ ਸਨ। ਜਿਸ ਨੂੰ ਮਿਲੀਏ ਚੰਗੀ ਗੱਲ ਕਰੀਏ। ਜਿਹੜੇ ਚੰਗੀ ਗੱਲ ਨਹੀਂ ਕਰਦੇ ਉਹਨਾਂ ਨੂੰ ਮਿਲਣ ਤੋਂ ਗੁਰੇਜ਼ ਕੀਤਾ ਜਾਵੇ। ਕਬੀਰ ਜੀ ਦਾ ਇਕ ਪਦਾ ਵਾਚਣ ਜੋਗ ਹੈ–

ਸੰਤ ਮਿਲੈ ਕਿਛੁ ਸੁਨੀਐ ਕਹੀਐ। ਮਿਲੈ ਅਸੰਤ ਮਸਟਿ ਕਰਿ ਰਹੀਐ।
ਬਾਬਾ ਬੋਲਨਾ ਕਿਆ ਕਹੀਐ। ਜੈਸੇ ਰਾਮ ਨਾਮ ਰਵਿ ਰਹੀਐ।
ਸੰਤਨ ਸਿਉ ਬੋਲੇ ਉਪਕਾਰੀ। ਮੂਰਖ ਸਿਉ ਬੋਲੇ ਝਖ ਮਾਰੀ।
ਬੋਲਤ ਬੋਲਤ ਬਢਹਿ ਬਿਕਾਰਾ। ਬਿਨ ਬੋਲੇ ਕਿਆ ਕਰਹਿ ਬੀਚਾਰਾ।
ਕਹੁ ਕਬੀਰ ਛੂਛਾ ਘਟੁ ਬੋਲੈ। ਭਰਿਆ ਹੋਇ ਸੁ ਕਬਹੁ ਨ ਡੋਲੈ।

ਇਕ ਇਹ ਮਿਸਾਲ ਵੀ ਦਿੱਤੀ ਜਾਂਦੀ ਹੈ। ਸਾਡੇ ਘਰ ਦੇ ਵਿਹੜੇ ਵਿਚ ਜੇ ਕੋਈ ਕੂੜਾ ਕਰਕਟ ਸੁਟਦਾ ਹੈ ਤਾਂ ਸਾਨੂੰ ਬਹੁਤ ਬੁਰਾ ਲਗਦਾ ਹੈ। ਪਰ ਜੇ ਕੋਈ ਸਾਡੇ ਦਿਮਾਗ ਦੇ ਸੁੰਦਰ ਵਿਹੜੇ ਵਿਚ ਗੰਦੇ ਨਕਾਰਾਤਮਕ ਵਿਚਾਰਾਂ ਦਾ ਕੂੜਾ ਸੁਟਦਾ ਹੈ ਤਾਂ ਉਸ ਤੋਂ ਵੀ ਸਾਨੂੰ ਬਚਣਾ ਚਾਹੀਦਾ ਹੈ। ਇਕ ਵਿਦਵਾਨ ਦਾ ਤਾਂ ਇਹ ਵੀ

ਕਹਿਣਾ ਹੈ ਕਿ ਜਿਹੜਾ ਵਿਚਾਰ ਇਕ ਵਾਰ ਸਾਡੇ ਦਿਮਾਗ ਵਿਚ ਚਲਾ ਜਾਂਦਾ ਹੈ ਉਹ ਫਿਰ ਨਿਕਲ ਨਹੀਂ ਸਕਦਾ। ਜੇ ਨਕਾਰਾਮਤਕ ਵਿਚਾਰ ਸਾਡੇ ਦਿਮਾਗ ਵਿਚ ਵਧੇਰੇ ਦਾਖਲ ਹੋ ਜਾਂਦੇ ਹਨ ਤਾਂ ਉਹ ਸਾਡੇ ਕਾਰਜਾਂ ਤੇ ਵੀ ਪ੍ਰਭਾਵ ਪਾਉਂਦੇ ਹਨ। ਸਾਡੀ ਜ਼ਿੰਦਗੀ ਨਕਾਰਾਤਮਕ ਹੋ ਜਾਂਦੀ ਹੈ। ਇਹਨਾਂ ਨਾਕਰਾਤਮਕ ਵਿਚਾਰਾਂ ਦੇ ਪ੍ਰਭਾਵ ਨੂੰ ਘਟਾਉਣ ਦਾ ਇਕ ਹੀ ਤਰੀਕਾ ਹੈ ਕਿ ਦਿਮਾਗ ਵਿਚ ਬਹੁਤੇ ਸਕਾਰਤਮਕ ਵਿਚਾਰ ਦਾਖਲ ਕੀਤੇ ਜਾਣੇ। ਇਸੇ ਲਈ ਸਿਆਣੇ ਚੰਗੀਆਂ ਪੁਸਤਕਾਂ ਪੜ੍ਹਨ, ਚੰਗੀਆਂ ਗੱਲਾਂ ਕਰਨ ਅਤੇ ਚੰਗੇ ਬੰਦਿਆਂ ਦੀ ਸੰਗਤ ਕਰਨ ਦੀ ਸਲਾਹ ਦਿੰਦੇ ਹਨ।

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।
ਉਹ ਝੂਲੇ ਉਹ ਚੀਰੀਐ ਸਾਕਤ ਸੰਗੁ ਨ ਹੇਰਿ।

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੇ ਨਿਰਬਾਹੁ।
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹ।

-- ਭੁੱਲ ਚੁੱਕ ਖਿਮਾ ਜੀ --



ਗੁਰੂ ਘਰ ਦਾ ਸਾਜ਼ ਪਖਾਵਜ

ਪ੍ਰੋ. ਹਰਭਜਨ ਸਿੰਘ ਧਾਰੀਵਾਲ

ਪਖਾਵਜ ਜਿਥੇ ਹਿੰਦੋਸਤਾਨੀ ਸੰਗੀਤ ਦੀ ਮਧਕਾਲ ਦੀ ਸਿਰਮੌਰ ਗਾਇਨ ਸ਼ੈਲੀ ਧ੍ਰੁਵਪਦ-ਧਮਾਰ, ਰਬਾਬ, ਵਚਿਤਰ ਵੀਣਾ ਅਤੇ ਨਾਚ ਆਦਿ ਦੀ ਸਾਥ ਸੰਗਤ ਕਰ ਕੇ ਅਪਣੀਆਂ ਤਕਨੀਕੀ ਖੂਬੀਆਂ ਕਾਰਨ ਅਹਿਮ ਸਾਜ਼ ਹੋ ਨਿਬੜਿਆ ਹੈ ਉਥੇ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਨਿਰਬਾਣ ਕੀਰਤਨ ਪਰੰਪਰਾ ਦੇ ਸਾਥ ਕਰਕੇ ਵੀ ਗੁਰੂ ਘਰ ਦੇ ਸਾਜ਼ ਪਖਾਵਜ ਦਾ ਵੱਡਾ ਯੋਗਦਾਨ ਰਿਹਾ ਹੈ। ਹਿੰਦੋਸਤਾਨੀ ਸੰਗੀਤ ਵਿੱਚ ਭਗਤੀ ਰਸ ਦੀਆਂ ਰਚਨਾਵਾਂ ਦਾ ਗਾਇਨ ਧ੍ਰੁਵਪਦ-ਧਮਾਰ ਦੇ ਰਾਹੀਂ ਪਖਾਵਜ ਦੇ ਸਾਥ ਨਾਲ ਹੁੰਦਾ ਰਿਹਾ ਹੈ। ਗੁਰੂ ਘਰ ਦੀ ਕੀਰਤਨ ਪ੍ਰੰਪਰਾ ਵਿੱਚ ਪਖਾਵਜ ਸਾਜ਼ ਦਾ ਅਹਿਮ ਬੋਲਬਾਲਾ ਰਿਹਾ ਹੈ । ਇਸ ਦਾ ਹਵਾਲਾ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦਿੱਤਾ ਹੈ-

ਘਰਿ ਘਰਿ ਬਾਬਾ ਗਾਵੀਐ ਵਜਣ ਤਾਲ ਮ੍ਰਿਦੰਗ ਰਬਾਬਾ ॥
(ਵਾਰ ੨੪, ਪੌੜੀ ੪)

ਗੁਰੂ ਅਰਜਨ ਦੇਵ ਜੀ ਰਬਾਬ ਤੇ ਪਖਾਵਜ ਦਾ ਜਿਕਰ ਗੁਰਬਾਣੀ ਵਿੱਚ ਕਰਦੇ ਹਨ ਕਿ

ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥
ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥
(ਆਸਾ ਰਾਗੁ ਮ:੫ ਪੰਨਾ ੩੮੧)

ਸ਼੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਅਨੇਕਾਂ ਸੰਗੀਤਕ ਸਾਜਾਂ ਦਾ ਜ਼ਿਕਰ ਆਉਂਦਾ ਹੈ ਜੋ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਨਿਰਬਾਣ ਕੀਰਤਨ ਪਰੰਪਰਾ ਵਿਚ ਸਾਥ ਜਾਂ ਸਹਾਇਕ ਸਾਜ਼ ਵਜੋਂ ਪ੍ਰਵਾਨ ਹੋਏ। ਸਮੇਂ ਸਮੇਂ ਦੀ ਲੋੜ ਮੁਤਾਬਿਕ ਇਹ ਸਾਜ ਗਾਇਨ ਅਤੇ ਨਾਚ ਦੀ ਸੰਗਤ ਲਈ ਹੋਂਦ ਵਿੱਚ ਆਏ ਅਤੇ ਆਪਣਾ ਪੁਨਰ ਵਿਕਾਸ ਕਰਦੇ ਰਹੇ। ਇਹ ਸਾਜ ੪ ਪ੍ਰਕਾਰ ਦੀਆਂ ਸ਼੍ਰੇਣੀਆਂ ਵਿੱਚ ਵੰਡੇ ਗਏ ਹਨ। ਤੰਤੀ, ਅਵਨਧ, ਘਣ ਅਤੇ ਸੁਸ਼ਿਰ ਸਾਜ।

ਗੁਰਬਾਣੀ ਵਿੱਚ ਰਬਾਬ, ਬੀਨ (ਵੀਣਾ), ਪਖਾਵਜ, ਮ੍ਰਿਦੰਗ, ਢੋਲ, ਨਗਾਰਾ, ਨੌਬਤ, ਭੇਰੀ,ਦੋਲਕ, ਬੇਨ, ਬੰਸਰੀ, ਘੁੰਘਰੂ, ਕਿਕੰਨੀ, ਕਿੰਗਰੀ, ਸਹਿਨਾਈ, ਸਿੰਙੀ, ਸੰਖ, ਦਮਾਮਾ, ਮੰਦਲ ਤਾਲ ਮਦੀਰੇ, ਧੌਂਸੇ, ਡੌਰੂ ਤੇ ਮੁਰਲੀ ਆਦਿ ਦਾ ਵਰਨਣ ਮਿਲਦਾ ਹੈ। ਇਹਨਾਂ ਵਿੱਚੋਂ ਰਬਾਬ ਅਤੇ ਪਖਾਵਜ/ਮ੍ਰਿਦੰਗ ਗੁਰੂ ਘਰ ਦੀ ਗੁਰਬਾਣੀ ਕੀਰਤਨ ਪਰੰਪਰਾ ਵਿੱਚ ਅਤਿਅੰਤ ਮਹਤਵਪੂਰਨ ਹਨ। ਗੁਰੂ ਘਰ ਦੀ ਕੀਰਤਨ ਪਰੰਪਰਾ ਵਿੱਚ ਰਬਾਬ ਨਾਲ ਪਖਾਵਜ ਦਾ ਅਟੁੱਟ ਸਬੰਧ ਹੈ। ਭਾਈ ਗੁਰਦਾਸ ਦੀਆਂ ਵਾਰਾਂ ਤੇ ਗੁਰਬਾਣੀ ਦੇ ਹੇਠ ਲਿਖੇ ਸ਼ਬਦਾਂ ਵਿੱਚ ਰਬਾਬ ਅਤੇ ਪਖਾਵਜ ਦਾ ਹਵਾਲਾ ਮਿਲਦਾ ਹੈ:-

ਘਰਿ ਘਰਿ ਬਾਬਾ ਗਾਵੀਐ ਵਜਣ ਤਾਲ ਮ੍ਰਿਦੰਗ ਰਬਾਬਾ॥
(ਵਾਰ ੨੪ ਪੌੜੀ ੪)

ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ॥
(ਵਾਰ ੬ ਪੌੜੀ ੧੨)

ਰਬਾਬ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਵਜਾਵੈ॥
(ਆਸਾ ਮਹਲਾ ੫ ਪੰਨਾ ੩੯੧)

ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ॥

(ਰਾਮਕਲੀ ਮ:੫ ਪੰਨਾ ੮੮੪)

ਇਨ੍ਹਾਂ ਉਪਰੋਕਤ ਗੁਰਬਾਣੀ ਦੇ ਹਵਾਲਿਆਂ ਤੋਂ ਪਖਾਵਜ ਤੇ ਰਬਾਬ ਦਾ ਸਬੰਧ ਇੰਝ ਲਗਦਾ ਹੈ ਜਿਵੇਂ ਰਬਾਬ ਕਲਬੂਤ ਹੋਵੇ ਤੇ ਪਖਾਵਜ ਉਸਦੀ ਰੂਹ ਹੋਵੇ।

ਪਖਾਵਜ ਅਤੇ ਮ੍ਰਿਦੰਗ ਇਕ ਹੀ ਸਾਜ ਦੇ ਦੋ ਵਖਰੇ ਨਾਮ ਹਨ। ਪਖਾਵਜ ਫਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਮ੍ਰਿਦੰਗ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਗੁਰੂ ਗ੍ਰੰਥ ਸਾਹਿਬ ਵਿੱਚ, ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਇਹ ਅਵਨਧ ਸਾਜ ਕਦੇ ਪਖਾਵਜ ਅਤੇ ਮ੍ਰਿਦੰਗ ਦੇ ਰੂਪ ਵਿੱਚ ਪ੍ਰਯੋਗ ਹੋਇਆ ਹੈ।

ਪਖਾਵਜ ਇੱਕ ਗੰਭੀਰ ਪ੍ਰਾਕਿਤੀ ਅਤੇ ਬੀਰ ਰਸ ਭਰਪੂਰ ਸਾਜ਼ ਹੈ ਜੋ ਭਗਤੀ ਰਸ ਦੀਆ ਰਚਨਾਵਾਂ ਨਾਲ ਸਦੀਆਂ ਤੋਂ ਸਾਥ ਕਰਦਾ ਆਇਆ ਹੈ। ਕਿਸੇ ਜ਼ਮਾਨੇ ਵਿੱਚ ਪਖਾਵਜ ਗੁਰੂ ਘਰਾਂ ਅਤੇ ਮੰਦਰਾਂ ਦੀ ਸ਼ਾਨ ਰਿਹਾ ਹੈ। ਅਜੱਕਲ ਪਖਾਵਜ ਲਕੜੀ ਦਾ ਬਣਿਆ ਹੁੰਦਾ ਹੈ ਜਿਸ ਦੀ ਲੰਬਾਈ ਆਮ ਤੋਰ ਤੇ ੨੪-੨੫ ਇੰਚ, ਥਾਪ ਵਾਲਾ ਪਾਸਾ ਲਗਭਗ ੭ ਇੰਚ ਅਤੇ ਧਾਮੇ ਵਾਲਾ ਪਾਸਾ ਲਗਭਗ ੯ ਇੰਚ ਹੁੰਦਾ ਹੈ। ਇਹ ਇਕ ਨਗਾ ਸਾਜ ਹੈ ਜਿਸ ਦੇ ਥਾਪ ਵਾਲੇ ਪਾਸੇ ਪੁੜੇ ਉਤੇ ਸਿਆਹੀ ਲਗੀ ਹੁੰਦੀ ਹੈ ਅਤੇ ਦੂਜਾ ਪਾਸਾ ਜਿਸ ਨੂੰ ਧਾਮਾ ਕਹਿੰਦੇ ਹਨ ਉਸ ਉਤੇ ਗੁੰਨਿਆ ਹੋਇਆ ਆਟਾ ਲਗਾਇਆ ਜਾਂਦਾ ਹੈ। ਧਾਮੇ ਅਤੇ ਥਾਪ ਵਾਲੇ ਪਾਸੇ ਨੂੰ ਪੈਂਦ (ਚਮੜੇ ਦੀ ਰੱਸੀ) ਨਾਲ ਜਕੜਿਆ ਹੁੰਦਾ ਹੈ ਅਤੇ ਥਾਪ ਵਾਲੇ ਪਾਸੇ ੨-੨ ਘਰਾਂ ਵਿੱਚ ਇੱਕ ਲਕੜੀ ਦਾ ਗੱਟਾ ਪਾਇਆ ਜਾਂਦਾ ਹੈ ਇਸ ਤਰਾਂ ੧੬ ਘਰਾਂ ਵਿੱਚ ਕੁਲ ੮ ਗੱਟੇ ਪਾਏ ਜਾਂਦੇ ਹਨ ਜਿਸ ਨਾਲ ਥਾਪ ਵਾਲੇ ਪਾਸੇ ਨੂੰ ਲੋੜ ਅਨੁਸਾਰ ਨਿਰਧਾਰਤ ਸਵਰ ਤੇ ਮਿਲਾਇਆ ਜਾਂਦਾ ਹੈ।

ਗੁਰੂ ਕਾਲ ਤੋਂ ਹੀ ਪਖਾਵਜ ਦਾ ਸਾਥ ਕੀਰਤਨ ਨਾਲ ਹੁੰਦਾ ਰਿਹਾ ਹੈ। ਗੁਰੂ ਸਾਹਿਬ ਆਪ ਤੰਤੀ ਸਾਜ ਅਤੇ ਪਖਾਵਜ ਸਾਜ ਵਜਾਉਂਦੇ ਰਹੇ ਹਨ ਅਤੇ ਆਪਣੇ ਗੁਰਸਿਖਾਂ ਤੇ ਵੀ ਕਿਰਪਾ ਕੀਤੀ। ਗੁਰੂ ਤੇਗ ਬਹਾਦੁਰ ਸਾਹਿਬ ਜਿੱਥੇ ਤੇਗ ਦੇ ਧਨੀ ਸਨ ਓਥੇ ਇੱਕ ਮਹਾਨ ਮ੍ਰਿਦੰਗ ਆਚਾਰੀਆ ਵੀ ਸਨ। ਗੁਰਬਾਣੀ ਕੀਰਤਨ ਦੀ ਮਹਾਨ ਪਰੰਪਰਾ ਦੀ ਰਿਵਾਇਤ ਨੂੰ ਕਾਇਮ ਰਖਦਿਆਂ ਇਤਿਹਾਸਿਕ ਗੁਰਦੁਆਰਿਆਂ ਵਿੱਚ ਅਤੇ ਸਚਖੰਡ ਸ਼੍ਰੀ ਦਰਬਾਰ ਸਾਹਿਬ ਵਿਚ ਪੁਰਾਤਨ ਕੀਰਤਨੀਆਂ/ਰਬਾਬੀਆਂ ਵਲੋਂ ਵੀ ਪਖਾਵਜ ਦੇ ਸਾਥ ਨਾਲ ਕੀਰਤਨ ਕੀਤਾ ਜਾਂਦਾ ਸੀ। ਭਾਈ ਸੰਤੂ, ਭਾਈ ਨਸੀਰਾ, ਭਾਈ ਸਾਈਂ ਦੱਤਾ, ਭਾਈ ਮਹੰਦਾ, ਭਾਈ ਰੱਖਾ, ਭਾਈ ਹਰਨਾਮ ਸਿੰਘ ਜੰਮੂ ਵਾਲੇ, ਭਾਈ ਗੋਪਾਲ ਸਿੰਘ, ਭਾਈ ਰਤਨ ਸਿੰਘ ਅਤੇ ਭਾਈ ਅਰਜਨ ਸਿੰਘ ਤਰੰਗੜ ਆਦਿ ਗੁਰੂ ਘਰ ਦੇ ਮਹਾਨ ਪਖਾਵਜੀ ਹੋਏ ਹਨ। ਅਜੋਕੇ ਸਮੇਂ ਵਿੱਚ ਉਸਤਾਦ ਭਾਈ ਬਲਦੀਪ ਸਿੰਘ ਅਤੇ ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਗੁਰੂ ਘਰ ਦੇ ਸਾਜ ਪਖਾਵਜ ਨੂੰ ਸੰਭਾਲਣ ਅਤੇ ਪ੍ਰਚਾਰਨ ਦਾ ਯਤਨ ਕਰ ਰਹੇ ਹਨ।

ਅੰਤ ਵਿੱਚ ਬੇਨਤੀ ਹੈ ਕਿ ਗੁਰੂ ਘਰ ਦੀਆਂ ਟਕਸਾਲਾਂ, ਯੂਨੀਵਰਸਿਟੀਆਂ, ਵਿਦੇਸ਼ ਦੀਆਂ ਧਾਰਮਿਕ ਸੰਸਥਾਵਾਂ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਧਰੂਵਪਦ-ਧਮਾਰ ਅਤੇ ਪਖਾਵਜ ਦੀ ਵਿੱਧੀ-ਬੱਧ ਸਿੱਖਲਾਈ ਦੇ ਯੋਗ ਪ੍ਰਬੰਧ ਕਰਨ ਤਾਂ ਕਿ ਗੁਰੂ ਘਰ ਦੇ ਸਾਜ ਪਖਾਵਜ ਨੂੰ ਅਤੇ ਧ੍ਰਵਪਦ ਅੰਗ ਦੀ ਸਬਦ ਪ੍ਰਧਾਨ ਸ਼ੈਲੀ ਨੂੰ ਸੰਭਾਲ ਕੇ ਗੁਰੂ ਘਰ ਦੀ ਪੁਰਾਤਨ ਨਿਰਬਾਣ ਕੀਰਤਨ ਪਰੰਪਰਾ ਨੂੰ ਅਜੋਕੇ ਸਮੇਂ ਵਿੱਚ ਪ੍ਰਚਾਰਿਆ ਜਾ ਸਕੇ । ਸਿੱਖ ਕੌਮ ਦੇ ਤਮਾਮ ਸਿਰਮੋਰ ਸ਼ਾਸਤਰੀ ਕੀਰਤਨੀਆਂ ਨੂੰ ਵੀ ਲਗਦੇ ਹੱਥ ਗੁਜ਼ਾਰਿਸ਼ ਹੈ ਕਿ ਗੁਰੂ ਘਰ ਦੀ ਪੁਰਾਤਨ ਰਵਾਇਤ ਧ੍ਰਵਪਦ ਅੰਗ ਦੀ ਸ਼ੈਲੀ ਮੁਤਾਬਿਕ ਪਖਾਵਜ ਦਾ ਸਾਥ ਨਾਲ ਕੀਰਤਨ ਕਰਨ ਦੀ ਪਹਿਲ ਕਦਮੀ ਕਰਨ ਤਾਂ ਜੋ ਤਾਂ ਕਿ ਸਾਡੀ ਆਉਣ ਵਾਲੀ ਸਿੱਖ ਨੌਜਵਾਨ ਪੀੜ੍ਹੀ ਨੂੰ ਵੀ ਗੁਰੂ ਘਰ ਦੇ ਰਵਾਇਤੀ ਕੀਰਤਨ ਬਾਰੇ ਵੀ ਜਾਣਕਾਰੀ ਹੋਵੇ।

340, ਸੰਗੀਤ ਵਿਲਾਸ, ਬੇਦੀ ਕਾਲੋਨੀ, ਧਾਰੀਵਾਲ
ਜ਼ਿਲ੍ਹਾ ਗੁਰਦਾਸਪੁਰ, ਪੰਜਾਬ (ਇੰਡੀਆ)
ਫ਼ੋਨ: 98143-49658
Email: harbhajansinghdhariwal@gmail.com

ਪੰਜਾਬੀ ਕਿੱਸਾ ਗਾਇਕੀ: ਕਵੀਸ਼ਰੀ

***ਮਨਪ੍ਰੀਤ ਸਿੰਘ**

ਗੁਰੂਆਂ, ਪੀਰਾਂ, ਪੈਗੰਬਰਾਂ, ਯੋਧਿਆਂ, ਸੂਰਵੀਰਾਂ ਅਤੇ ਪੰਜ ਦਰਿਆਵਾਂ ਦੀ ਧਰਤੀ ਪੰਜਾਬ, ਸ਼ੁਰੂ ਤੋਂ ਹੀ ਕਲਾ ਦੇ ਖੇਤਰ ਵਿਚ ਧਨੀ ਰਹੀ ਹੈ। ਕਲਾ ਇਥੋਂ ਦੇ ਮੰਦਰਾਂ ਵਿੱਚ ਜੰਮੀ-ਪਲੀ ਅਤੇ ਜਵਾਨੀ ਦੇ ਸਿਖਰਾਂ ਤੱਕ ਪਹੁੰਚੀ। ਸੰਗੀਤ ਕਲਾ ਸਾਰੀਆਂ ਕਲਾਵਾਂ ਤੋਂ ਉੱਤਮ ਕਲਾ ਮੰਨੀ ਜਾਂਦੀ ਹੈ। ਪੰਜਾਬ ਦੀ ਧਰਤੀ ਨੂੰ ਸੰਗੀਤ ਕਲਾ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸੰਗੀਤ ਕਲਾ ਦਾ ਸਭਿਆਚਾਰ ਅਤੇ ਸਾਹਿਤ ਨਾਲ ਬਹੁਤ ਡੂੰਘਾ ਸੰਬੰਧ ਹੈ। ਪੰਜਾਬ ਦਾ ਸਭਿਆਚਾਰ ਅਤੇ ਸਾਹਿਤ ਬਹੁਤ ਵਿਸ਼ਾਲ ਅਤੇ ਅਨੋਖਾ ਹੈ। ਇਹ ਆਪਣੇ ਅੰਦਰ ਬਹੁਤ ਕੁਝ ਸਮੋਈ ਬੈਠਾ ਹੈ।

ਜੇਕਰ ਅਸੀਂ ਬਾਬਾ ਫ਼ਰੀਦ ਜੀ ਤੋਂ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ, ਸ਼ਾਹ ਹੁਸੈਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਦਾ ਲਿਖਤੀ ਸਾਹਿਤ ਪੜ੍ਹੀਏ ਤਾਂ ਸਾਡੇ ਸਾਹਿਤ ਵਿੱਚ ਅਧਿਆਤਮਵਾਦ ਵਧੇਰੇ ਨਜ਼ਰ ਆਉਂਦਾ ਹੈ। ਉਸ ਸਮੇਂ ਭਗਤੀ ਲਹਿਰ ਦਾ ਜ਼ੋਰ ਹੋਣ ਕਰਕੇ, ਭਗਤਾਂ, ਗੁਰੂਆਂ, ਜੋਗੀਆਂ, ਸਿੱਧਾਂ, ਸੂਫ਼ੀਆਂ ਅਤੇ ਫ਼ਕੀਰਾਂ ਦਾ ਪਰਮਾਤਮਾ ਵੱਲ ਝੁਕਾਅ ਹੋਣ ਕਾਰਨ ਅਜਿਹੇ ਪਰਮਾਰਥੀ ਮਹੌਲ ਵਿਚ ਅਧਿਆਤਮਵਾਦ ਦਾ ਸਾਹਿਤ ਪੈਦਾ ਹੋਣਾ ਕੁਦਰਤੀ ਸੀ। ਆਮ ਜਨਤਾ ਮਨ ਪ੍ਰਚਾਵੇ ਅਤੇ ਲੋਕ ਰੰਗ ਦੇ ਸਾਹਿਤ ਦੀ ਘਾਟ ਮਹਿਸੂਸ ਕਰ ਰਹੀ ਸੀ, ਕਿਉਂਕਿ ਮਨੁੱਖੀ ਮਨ ਹਮੇਸ਼ਾਂ ਗਿਆਨ ਦੀਆਂ ਉਚਾਈਆਂ ਨੂੰ ਛੂਹ ਕੇ ਵੀ ਦਿਲ ਪ੍ਰਚਾਵੇ ਦੇ ਸਾਧਨਾਂ ਦੀ ਮੰਗ ਕਰਦਾ ਹੈ। ਇਸ ਲਈ ਸਮੇਂ ਦੀ ਮੰਗ ਨੂੰ ਦੇਖਦੇ ਹੋਏ ਦਮੋਦਰ ਵਰਗੇ ਜਨਤਕ ਕਵੀਆਂ ਨੇ ਪ੍ਰਸਿੱਧ ਪ੍ਰੀਤ-ਕਥਾ ਨੂੰ ਕਾਵਿ ਦਾ ਰੰਗ ਦਿੱਤਾ ਅਤੇ ਪੰਜਾਬੀ ਸਾਹਿਤ ਵਿਚ ਰੋਮਾਂਟਿਕ ਸਾਹਿਤ ਕਿੱਸਾ-ਕਾਵਿ ਦੀ ਨੀਂਹ ਰੱਖੀ। ਕਿੱਸਿਆਂ ਵਿਚ ਆਮ ਤੌਰ ਤੇ ਪ੍ਰੀਤ ਅਤੇ ਬੀਰ ਰਸੀ ਕਹਾਣੀਆਂ ਨੂੰ ਜ਼ਿਆਦਾ ਪੇਸ਼ ਕੀਤਾ ਜਾਂਦਾ ਹੈ।

ਕਿੱਸਾ-ਕਾਵਿ

ਮੱਧਕਾਲੀਨ ਪੰਜਾਬੀ ਕਾਵਿ ਦੀਆਂ ਪ੍ਰਮੁੱਖ ਕਾਵਿ ਧਾਰਾਵਾਂ ਵਿੱਚੋਂ ਕਿੱਸਾ-ਕਾਵਿ ਇਕ ਵਿਲੱਖਣ ਕਾਵਿ-ਧਾਰਾ ਹੈ। ਕਿੱਸਾ-ਕਾਵਿ ਵਿੱਚ ਪਹਿਲੀ ਵਾਰ ਪਰਮਾਰਥ ਦੀ ਥਾਂ ਤੇ ਯਥਾਰਥ ਦੀ ਪੇਸ਼ਕਾਰੀ ਕੀਤੀ ਗਈ ਹੈ। ਕਿੱਸਾ-ਕਾਵਿ ਦਾ ਜਨਮ ਉਸ ਸਮੇਂ ਹੋਇਆ ਜਦੋਂ ਚਾਰੇ ਪਾਸੇ ਸਿਰਫ਼ ਅਧਿਆਤਮਿਕ ਅਤੇ ਭਗਤੀ ਕਾਵਿ ਦਾ ਹੀ ਬੋਲਬਾਲਾ ਸੀ। ਕਿਉਂਕਿ ਅਧਿਆਤਮਿਕ-ਕਾਵਿ ਤੋਂ ਮਨੁੱਖੀ ਮਨ ਉਕਤਾ ਗਿਆ ਸੀ, ਇਸ ਲਈ ਮਨੁੱਖੀ ਮਨੋਰੰਜਨ ਦੀ ਪ੍ਰਾਪਤੀ ਲਈ ਕਿੱਸਾ-ਕਾਵਿ ਦੀ ਰਚਨਾ ਹੋਈ। ਅਧਿਆਤਮਿਕ-ਕਾਵਿ ਪਰੰਪਰਾਇਕ ਜਿਹੀ ਚੀਜ਼ ਬਣ ਕੇ ਰਹਿ ਗਈ ਸੀ ਕਿਉਂਕਿ ਅਧਿਆਤਮਿਕ ਕਵੀ ਲਕੀਰ ਦੇ ਫ਼ਕੀਰ ਬਣ ਕੇ ਰਹਿ ਗਏ ਸਨ। ਉਨ੍ਹਾਂ ਦੇ ਉਹ ਹੀ ਵਿਸ਼ੇ, ਉਹ ਹੀ ਬਿੰਬ ਤੇ ਉਹ ਹੀ ਸ਼ਬਦਾਵਲੀ ਸੀ ਜਿਹੜੀ ਬਹੁਤ ਪੁਰਾਣੀ ਹੋ ਚੁੱਕੀ ਸੀ, ਜੋ ਕਿਸੇ ਵੇਲੇ ਤਾਜ਼ੀ ਹੁੰਦੀ ਸੀ ਹੁਣ ਉਹ ਬੇਹੀ ਹੋ ਗਈ ਸੀ। ਕਿੱਸਾ-ਕਾਵਿ ਉਸ ਸਮੇਂ ਮਨੁੱਖੀ ਮਨ ਲਈ ਨਵੀਂ ਤਾਜ਼ਗੀ ਲੈ ਕੇ ਆਇਆ। ਕਿੱਸਾ-ਕਾਵਿ ਜੁੱਰਤ ਵਾਲੇ ਲੋਕਾਂ ਦੀ ਰਚਨਾ ਸੀ। ਜਿਨ੍ਹਾਂ ਵਿਚ ਸਮਾਜਿਕ ਕੀਮਤਾਂ ਤੇ ਅਨਿਆਈ ਰਿਵਾਜਾਂ ਵਿਰੁੱਧ ਅੜਨ ਤੇ ਲੜਨ ਦੀ ਦਲੇਰੀ ਸੀ। ਕਿੱਸਾ-ਕਾਵਿ ਭਗਤੀ ਕਾਵਿ ਵਿਰੁੱਧ ਪ੍ਰਤੀਕਰਮ ਸੀ। ਤਾਰਨ ਸਿੰਘ ਅਨੁਸਾਰ ਕਿੱਸਾ-ਕਾਵਿ ਨੇ ਪਹਿਲੀ ਵਾਰ ਮਨੁੱਖ ਨੂੰ ਮਨੁੱਖ ਸਮਝਿਆ, ਉਸ ਨੂੰ ਹੱਡ, ਚੰਮ-ਮਾਸ ਦਾ ਸਰੂਪ ਮੰਨਿਆ ਤੇ ਉਸ ਵਿਚ ਲਹੂ ਦੀ ਹੋਂਦ ਮੰਨੀ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕਿੱਸਾ ਸ਼ਬਦ ਦਾ ਅਰਥ ਕਹਾਣੀ ਜਾਂ ਕਥਾ ਹੈ। ਰਤਨ ਸਿੰਘ ਜੱਗੀ 'ਪੰਜਾਬੀ ਸਾਹਿਤ ਕੋਸ਼' ਵਿਚ ਲਿਖਦੇ ਹਨ ਕਿ ਮਾਲਵੇ ਵਿੱਚ ਕਿੱਸੇ ਨੂੰ ਚਿੱਠਾ ਕਿਹਾ ਜਾਂਦਾ ਹੈ। ਸਟਾਇਨਗਾਡ ਦੀ 'ਪਰਸ਼ੀਅਨ-ਇੰਗਲਿਸ਼ ਡਿਕਸ਼ਨਰੀ 'ਫ਼ਰੋਜ਼ੁਲ ਲੁਗਾਤ' ਤੇ 'ਲੁਗਾਤਿ ਕਿਸ਼ੋਰੀ' ਵਿਚ ਵੀ ਕਿੱਸੇ ਦਾ ਅਰਥ ਕਹਾਣੀ, ਦਾਸਤਾਨ ਤੇ ਹਕਾਇਤ ਹੈ। ਕੁਲਬੀਰ ਸਿੰਘ ਕਾਂਗ ਅਨੁਸਾਰ ਭਾਰਤੀ ਪਰੰਪਰਾ ਵਿਚ ਕਿੱਸਾ ਸ਼ਬਦ ਲਈ ਢੁੱਕਵਾਂ

ਸ਼ਬਦ 'ਆਖਿਆਨ' ਹੈ, ਜਿਸ ਤੋਂ ਪੰਜਾਬੀ ਅਖਾਣ ਤੇ 'ਅਖਿਓ' ਤੇ 'ਅਖਿਆ' ਆਦਿ ਸ਼ਬਦ ਪ੍ਰਚਲਿਤ ਹੋਏ ਹਨ। ਪ੍ਰੀਤ ਦੇ ਕਿੱਸੇ ਨੂੰ 'ਪ੍ਰੇਮਾਖਿਆਨ' ਕਿਹਾ ਜਾਂਦਾ ਹੈ। ਕਿੱਸਾ ਕਾਵਿ ਮੁਗਲ ਕਾਲ ਨਾਲ ਪੰਜਾਬੀ ਵਿੱਚ ਅਰਬੀ, ਫ਼ਾਰਸੀ ਰਾਹੀਂ ਆਇਆ। ਕਿੱਸਾ ਸ਼ਬਦ ਦੀ ਧਾਤੂ 'ਕੱਸ' (ਅਰਬੀ) ਹੈ, ਜਿਸਦੇ ਅਰਥ ਹਨ ਪਿੱਛੇ ਜਾਣਾ, ਪਿੱਛਾ ਕਰਨਾ, ਖ਼ਬਰ ਦੇਣਾ, ਅਰਥਾਤ ਕਿਸੇ ਘਟਨਾ ਦਾ ਬਿਆਨ ਕਰਨਾ, ਕੋਈ ਪ੍ਰੀਤ ਕਹਾਣੀ ਕਵਿਤਾ ਵਿਚ ਕਹਿਣੀ। ਕੁਰਾਨ ਵਿਚ ਯੂਸਫ਼ ਤੇ ਜ਼ੁਲੈਖਾ ਦੀ ਸੱਚੀ ਪ੍ਰੇਮ ਕਹਾਣੀ ਨੂੰ ਅਹਸਨੁਲ ਕਸਿਸ ਆਖਿਆ ਗਿਆ ਹੈ। ਅਰਬੀ, ਫ਼ਾਰਸੀ ਅਤੇ ਉਰਦੂ ਵਿਚ 'ਕਿੱਸਾ' ਪਦ ਵਾਰਤਕ ਵਿਚ ਲਿਖੀ ਗਈ ਕਹਾਣੀ ਲਈ ਵੀ ਵਰਤਿਆ ਜਾਂਦਾ ਹੈ। ਕਿੱਸਾ ਚਹਾਰ ਦਰਵੇਸ਼, ਕਿੱਸਾ ਗੁਲ ਬਕਾਵਲੀ, ਕਿੱਸਾ ਅਮੀਰ ਹਮਜ਼ਾ ਇਸੇ ਵੰਨਗੀ ਦੇ ਕੁਝ ਪ੍ਰਸਿੱਧ ਨਾਂ ਹਨ। ਅੱਜ ਕੱਲ੍ਹ ਕਿੱਸਾ ਪਦ ਦੀ ਥਾਂ 'ਅਫਸਾਨਾ' ਵਰਤਣ ਦਾ ਰਿਵਾਜ਼ ਜਿਆਦਾ ਵਧ ਗਿਆ ਹੈ।

ਭਾਵੇਂ ਕਿ 'ਕਿੱਸਾ' ਸ਼ਬਦ ਅਰਬੀ ਭਾਸ਼ਾ ਵਿਚੋਂ ਆਇਆ ਹੈ, ਪਰ ਪੰਜਾਬੀ ਕਿੱਸੇ ਉੱਪਰ ਫ਼ਾਰਸੀ ਸਾਹਿਤ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਪੰਜਾਬੀ ਦਾ ਕਿੱਸਾ ਫ਼ਾਰਸੀ ਕਵਿਤਾ ਦੇ ਪ੍ਰਸਿੱਧ ਰੂਪ 'ਮਸਨਵੀ' ਉੱਤੇ ਅਧਾਰਿਤ ਹੈ। ਫ਼ਾਰਸੀ ਵਿਚ ਲੰਬੀ ਕਹਾਣੀ ਜਿਸ ਕਾਵਿ ਰੂਪ ਵਿਚ ਬਿਆਨ ਕੀਤੀ ਜਾਂਦੀ ਹੈ, ਉਸ ਨੂੰ ਮਸਨਵੀ ਕਿਹਾ ਜਾਂਦਾ ਹੈ। ਫ਼ਾਰਸੀ ਮਸਨਵੀ ਵਿਚ ਪ੍ਰੇਮ, ਰਹੱਸ ਤੇ ਯੁੱਧ ਤਿੰਨਾਂ ਪ੍ਰਕਾਰਾਂ ਦੇ ਵਿਸ਼ੇ ਹੀ ਪ੍ਰਗਟਾਏ ਜਾਂਦੇ ਹਨ। ਉੱਥੇ ਯੁੱਧ ਦੀ ਮਸਨਵੀ ਨੂੰ 'ਰਜ਼ਮ' ਅਤੇ ਪ੍ਰੇਮ ਅਤੇ ਵਿਲਾਸ ਦੇ ਕਾਵਿ ਨੂੰ 'ਬਜ਼ਮ' ਕਹਿੰਦੇ ਹਨ। ਫ਼ਾਰਸੀ ਵਿਚ ਪੰਜ ਮਸਨਵੀਆਂ ਇਕੱਠੀਆਂ ਲਿਖੀਆਂ ਜਾਣ ਤਾਂ ਉਸ ਨੂੰ ਖਮਸਾ ਕਹਿੰਦੇ ਹਨ। ਫ਼ਾਰਸੀ ਦੇ ਪ੍ਰਸਿਧ ਕਵੀ ਨਜ਼ਾਮੀ ਨੇ 'ਖਮਸਾ' ਲਿਖਿਆ ਸੀ ਤੇ ਡਾ. ਹਰਨਾਮ ਸਿੰਘ ਸ਼ਾਨ ਨੇ ਹਾਸ਼ਮ ਨੂੰ ਵੀ ਪੰਜਾਬੀ ਦਾ ਨਜ਼ਾਮੀ ਕਿਹਾ ਹੈ ਕਿਉਂਕਿ ਹਾਸ਼ਮ ਨੇ ਵੀ ਪੰਜ ਕਿੱਸੇ ਲਿਖੇ ਹਨ।

ਦਮੋਦਰ ਨੇ ਸਭ ਤੋਂ ਪਹਿਲਾਂ ਕਿੱਸਾ ਲਿਖਣ ਦਾ ਉੱਦਮ ਕੀਤਾ। ਕਈ ਵਿਦਵਾਨਾਂ ਵੱਲੋਂ ਇਹ ਮੰਨਿਆ ਜਾਂਦਾ ਹੈ ਕਿ ਦਮੋਦਰ ਤੋਂ ਪਹਿਲਾਂ ਵੀ ਕਿੱਸਾ ਲਿਖਣ ਦੀ ਪਰਥਾ ਸੀ, ਪਰ ਕੋਈ ਠੋਸ ਸਬੂਤ ਨਾ ਮਿਲਣ ਕਾਰਨ ਇਸ ਨੂੰ ਸੱਚ ਨਹੀਂ ਮੰਨਿਆਂ ਜਾ ਸਕਦਾ। ਹੌਲੀ-ਹੌਲੀ ਦਮੋਦਰ ਦੀ ਕਿੱਸਾ ਲਿਖਣ ਦੀ ਪ੍ਰਿਤ ਨੂੰ ਪੀਲੂ ਅਤੇ ਹਾਫ਼ਿਜ਼ ਬਰਖ਼ੁਰਦਾਰ ਨੇ ਉਤਸ਼ਾਹ ਦਿੱਤਾ। ਉਹਨਾਂ ਦੀ ਸਫਲਤਾ ਨੂੰ ਅਗਲੇਰੇ ਹੋਰ ਕਵੀਆਂ ਵੱਲੋਂ ਵੰਗਾਰਿਆ ਗਿਆ ਅਤੇ ਇਸ ਤਰ੍ਹਾਂ ਫ਼ਾਰਸੀ ਮਸਨਵੀ ਦੇ ਪ੍ਰਭਾਵ ਅਧੀਨ ਕਿੱਸਾ-ਕਾਵਿ ਧਾਰਾ ਇਕ ਬਲਵਾਨ ਸਾਹਿਤਕ ਪਰੰਪਰਾ ਬਣ ਗਈ। ਕਿੱਸਾ ਕਾਵਿ ਲਈ ਮੁਗ਼ਲ ਕਾਲ ਤੋਂ ਅੰਗਰੇਜ਼ੀ ਕਾਲ ਦੇ ਆਰੰਭ ਤੱਕ ਦਾ ਸਮਾਂ ਸੁਨਿਹਰੀ ਸਮਾਂ ਰਿਹਾ ਹੈ। ਅਜੋਕੇ ਸਮੇਂ ਦੌਰਾਨ ਮਨੁੱਖੀ ਅਨੁਭਵ ਬਦਲ ਗਿਆ। ਹੁਣ ਲੰਬੀ ਕਵਿਤਾ ਦੀ ਥਾਂ ਨਾਵਲ ਨੇ ਲੈ ਲਈ ਹੈ ਅਤੇ ਛੋਟੀ ਕਵਿਤਾ ਨਵੇਂ ਰੂਪਾਂ ਵਿਚ ਲਿਖੀ ਜਾਂਦੀ ਹੈ। ਪੰਜਾਬ ਦੀ ਕਿੱਸਾ ਕਵਿਤਾ ਮੁਗ਼ਲ ਕਾਲ ਤੋਂ ਲੈ ਕੇ ਅੰਗਰੇਜ਼ਾਂ ਦੇ ਰਾਜ ਦੇ ਆਰੰਭ ਤੱਕ ਪ੍ਰਚੱਲਿਤ ਰਹੀ, ਪ੍ਰੰਤੂ ਅੱਜ ਕੱਲ੍ਹ ਇਹ ਪਰਥਾ ਬਹੁਤ ਘੱਟ ਗਈ ਹੈ ਅਤੇ ਆਪਣੇ ਅੰਤਲੇ ਪੜਾਅ ਤੇ ਖੜ੍ਹੀ ਹੈ।

ਪੰਜਾਬੀ ਕਿੱਸਾ ਗਾਇਕੀ

ਪੰਜਾਬੀ ਲੋਕ ਸੰਗੀਤ ਦੀਆਂ ਵੱਖਰੀਆਂ-ਵੱਖਰੀਆਂ ਵੰਨਗੀਆਂ ਨੇ ਹਰੇਕ ਪੰਜਾਬੀ ਮਨ ਨੂੰ ਆਪਣੀ ਸੁੰਦਰਤਾ ਨਾਲ ਟੁੰਬਿਆ ਹੈ। ਪੰਜਾਬੀ ਲੋਕ ਸੰਗੀਤ ਵਿੱਚ ਸ਼ੁਰੂ ਤੋਂ ਹੀ ਲੋਕ-ਗਾਇਕੀ ਦੀ ਪ੍ਰਧਾਨਤਾ ਰਹੀ ਹੈ। ਪੁਰਾਤਨ ਪੰਜਾਬੀ ਲੋਕ ਸੰਗੀਤ ਦੀਆਂ ਵੱਖ-ਵੱਖ ਵੰਨਗੀਆਂ ਵਿੱਚ ਕਿੱਸਾ-ਗਾਇਕੀ ਦਾ ਮਹੱਤਵਪੂਰਨ ਤੇ ਨਿਵੇਕਲਾ ਸਥਾਨ ਰਿਹਾ ਹੈ। ਪਹਿਲਾਂ-ਪਹਿਲ ਕਿੱਸੇ ਸਿਰਫ ਕਲਮਬੱਧ ਕਰਨ ਅਤੇ ਬੋਲ ਕੇ ਸੁਨਾਉਣ ਤੱਕ ਹੀ ਸੀਮਤ ਸਨ। ਸਮੇਂ ਦੇ ਬਦਲਾਵ ਦੇ ਨਾਲ ਕਿੱਸਿਆਂ ਨੂੰ ਗਾ ਕੇ ਸੁਣਾਇਆ ਜਾਣ ਲੱਗਾ। ਇਸ ਤਰ੍ਹਾਂ ਇਹ ਗਾਇਨ ਹੌਲੀ-ਹੌਲੀ ਲੋਕ ਸੰਗੀਤ ਦਾ ਹਿੱਸਾ ਬਣ ਗਿਆ ਅਤੇ ਇਸ ਗਾਇਕੀ ਨੇ ਪੰਜਾਬੀ ਲੋਕ ਸੰਗੀਤ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ। ਜੇਕਰ ਅਸੀਂ ਪੰਜਾਬ ਦੀ ਸੰਗੀਤ ਪਰੰਪਰਾ ਤੇ ਨਜ਼ਰ ਮਾਰੀਏ ਤਾਂ ਪੰਜਾਬ ਦਾ ਲੋਕ ਸੰਗੀਤ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ, ਜੋ ਸ਼ੁਰੂ ਤੋਂ ਹੀ ਲੋਕਾਂ ਦੇ ਮਨੋਭਾਵਾਂ ਦੀ ਰਹਿਨੁਮਾਈ ਕਰਦਾ ਆ ਰਿਹਾ ਹੈ। ਪੰਜਾਬ ਦੀਆਂ ਲੋਕ ਧੁਨਾਂ ਅੱਜ ਵੀ ਅਮਰੀਕਾ ਦੇ ਆਦਿ ਵਾਸੀ 'ਰੈਡ ਇੰਡੀਅਨਜ਼' ਗਾਉਂਦੇ ਹਨ।

ਪੰਜਾਬੀ ਲੋਕ ਸੰਗੀਤ ਨੇ ਭਾਰਤੀ ਸੰਗੀਤ ਨੂੰ ਪ੍ਰਫੁੱਲਿਤ ਕਰਨ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਪੰਜਾਬੀ ਲੋਕ ਧੁਨਾਂ ਵਿੱਚ ਕਿੱਸੇ ਅਤੇ ਕਈ ਪ੍ਰਕਾਰ ਦੀਆਂ ਲੋਕ ਗਾਥਾਵਾਂ ਅਲੱਗ-ਅਲੱਗ ਧੁਨਾਂ ਵਿੱਚ ਅਤੇ ਵੱਖਰੀਆਂ-ਵੱਖਰੀਆਂ ਵੰਨਗੀਆਂ ਵਿਚ ਗਾਈਆਂ ਜਾਂਦੀਆਂ ਹਨ। ਜਿਹਨਾਂ ਵਿੱਚੋਂ ਸੱਸੀ-ਪੁੰਨੂੰ, ਹੀਰ-ਰਾਂਝਾ, ਪੂਰਨ ਭਗਤ, ਮਿਰਜ਼ਾ-ਸਾਹਿਬਾਂ, ਆਦਿ ਜਗਤ ਪ੍ਰਸਿੱਧ ਕਿੱਸਿਆਂ ਦੀਆਂ ਲੋਕ ਧੁਨਾਂ ਹਨ। ਡਾ. ਗੁਰਨਾਮ ਸਿੰਘ ਅਨੁਸਾਰ ਪੰਜਾਬੀ ਕਿੱਸਾ ਗਾਇਕੀ ਪੰਜਾਬੀ ਲੋਕ ਸੰਗੀਤ ਦੀ ਗਾਇਨ ਸਮੱਗਰੀ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਪਰੰਪਰਾ ਹੈ ਅਤੇ ਇਹ ਗਾਇਕੀ ਪੰਜਾਬੀਆਂ ਦੀਆਂ ਕਈ ਪੀੜ੍ਹੀਆਂ ਦੁਆਰਾ ਤਰਾਸ਼ੇ, ਸੰਵਾਰੇ ਜਾਣ ਤੋਂ ਬਾਅਦ ਹੀ ਸਾਡੇ ਤੱਕ ਪਹੁੰਚੀ ਹੈ। ਪੰਜਾਬੀਆਂ ਦਾ ਸਿੱਧਾ-ਸਾਦਾ ਸੁਭਾਅ ਹੋਣ ਕਾਰਨ ਅਤੇ ਇਸ ਗਾਇਕੀ ਵਿੱਚ ਇੱਥੋਂ ਦੀ ਮਿੱਟੀ ਦੀ ਮਹਿਕ ਹੋਣ ਕਾਰਨ ਸਾਡੀ ਪੰਜਾਬੀ ਕਿੱਸਾ ਗਾਇਕੀ ਵੀ ਸਿੱਧੀ-ਸਾਦੀ ਹੈ।

ਪੰਜਾਬੀ ਲੋਕ ਸੰਗੀਤ ਦੇ ਅੰਤਰਗਤ ਜਦੋਂ ਕਿੱਸੇ ਨੂੰ ਸੰਗੀਤ-ਬੱਧ ਕਰਕੇ ਗਾਇਆ ਜਾਂਦਾ ਹੈ ਤਾਂ ਉਸ ਗਾਇਕੀ ਨੂੰ ਅਸੀਂ ਕਿੱਸਾ ਗਾਇਕੀ ਕਹਿੰਦੇ ਹਾਂ। ਕਿੱਸਿਆਂ ਦੀ ਆਮਦ ਨੇ ਪੰਜਾਬ ਨੂੰ ਇਕ ਵੱਖਰਾ ਹੀ ਲੋਕ ਸੰਗੀਤ ਬਖ਼ਸ਼ਿਆ ਹੈ। ਕੁਲਬੀਰ ਸਿੰਘ ਕਾਂਗ ਅਨੁਸਾਰ ਕੁਝ ਚਿਰ ਦਮੋਦਰ ਦਾ ਦਵੱਈਆ ਛੰਦ ਤੇ ਵਿਸ਼ੇਸ਼ ਕਰ ਲਹਿੰਦੀ ਭਾਸ਼ਾ ਕਿੱਸਿਆਂ ਲਈ ਇਕ ਵੱਡੀ ਰੁਕਾਵਟ ਬਣੇ ਰਹੇ ਪਰ ਬੈਂਤ ਦੀ ਹੋਂਦ ਨੇ ਇਸ ਲੋਕ-ਸੰਗੀਤ ਨੂੰ ਪੈਦਾ ਕੀਤਾ। ਇਸ ਤਰ੍ਹਾਂ ਇਸ ਬੈਂਤ ਛੰਦ ਦੀ ਹੋਂਦ ਨੇ ਕਿੱਸਾ ਕਾਵਿ ਅਤੇ ਕਿੱਸਾ ਗਾਇਕੀ ਨੂੰ ਹੋਰ ਵਧਾਵਾ ਦਿੱਤਾ। ਕਾਦਰਯਾਰ ਨੇ ਬੈਂਤ ਵਿੱਚ ਪੂਰਨ ਦਾ ਕਿੱਸਾ ਰਚਿਆ, ਪਰ ਉਸ ਦੇ ਗਾਇਨ ਦਾ ਵੱਖਰਾ ਹੀ ਧੂਹ-ਪਾਉਂਦਾ ਅੰਦਾਜ਼ ਹੈ। ਸ਼ਾਹ ਮੁਹੰਮਦ ਨੇ ਜੰਗ ਵਰਗੇ ਵਿਸ਼ੇ ਨੂੰ ਬੈਂਤ ਵਿੱਚ ਰਚਿਆ, ਪਰ ਇਸ ਦੇ ਗਾਇਨ ਦੀ ਵੱਖਰੀ ਹੀ ਲੈਅ ਹੈ। ਬੈਂਤ ਨੂੰ ਗਾਉਣ ਲਈ ਤਿੰਨ ਪ੍ਰਕਾਰ ਦੀਆਂ ਧੁਨੀਆਂ ਵਰਤੀਆਂ ਜਾਂਦੀਆਂ ਹਨ। ਹਾਸ਼ਮ ਦੇ ਦੋਹੜੇ ਤੇ ਸੱਸੀ ਦਾ ਆਪਣਾ ਵੱਖਰਾ ਹੀ ਅਲਾਹੀ ਸੰਗੀਤ ਹੈ। ਇਸ ਪਰਿਪਾਟੀ ਦੀ ਅੰਤਰਾਤਮਕ ਰੂਹ ਵਿੱਚ ਸੰਗੀਤਕ ਤੇ ਲੋਕ ਧੁਨੀਆਂ ਸਮਾਈਆਂ ਹੋਈਆਂ ਹਨ। ਵਾਰਿਸ ਸ਼ਾਹ ਖੁਦ ਆਪਣੀ ਹੀਰ ਗਾ ਕੇ ਸੁਣਾਇਆ ਕਰਦਾ ਸੀ। ਇਸ ਸਰੋਦੀ ਅੰਸ਼ ਕਾਰਨ ਹੀ ਉਹ ਸਾਰੇ ਪੰਜਾਬ ਵਿਚ ਮਕਬੂਲ ਹੋ ਗਿਆ। ਮੋਹਣ ਸਿੰਘ ਦੀਵਾਨਾ ਅਨੁਸਾਰ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਹੀਰ ਤੇ ਰਾਂਝੇ ਦਾ ਵਰਣਨ ਆਉਂਦਾ ਹੈ। ਹੁਸੈਨ ਨੇ ਸਭ ਤੋਂ ਮਿੱਠੇ ਰਸ-ਭਰੇ, ਸਾਦੇ, ਸਿੱਧੇ ਰੂਪਕ ਸ਼ਬਦਾਂ ਵਿਚ ਇਸ ਨੂੰ ਸਭ ਤੋਂ ਪਹਿਲਾਂ ਗਾਇਆ ਸੀ।

ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਲਿੱਪੀ-ਬੱਧ ਕਰਨ ਦਾ ਯੋਗ ਪ੍ਰਬੰਧ ਨਾ ਹੋਣ ਕਰਕੇ ਇਹ ਕਥਾਵਾਂ ਮੌਖਿਕ ਸਾਹਿਤ ਦਾ ਰੂਪ ਧਾਰਨ ਕਰਦੀਆਂ ਰਹੀਆਂ। ਲੋਕ ਕਵੀ ਜਾਂ ਪੇਸ਼ੇਵਰ ਗੌਮਾਂਤਰੀ ਇਹਨਾਂ ਪ੍ਰੇਮ ਕਥਾਵਾਂ ਨੂੰ ਲੋਕਾਂ ਦੇ ਦਿਲ-ਪ੍ਰਚਾਵੇ ਲਈ ਇਕੱਠਾਂ, ਪਿੜਾਂ, ਮੇਲਿਆਂ, ਵਿਆਹ-ਸ਼ਾਦੀਆਂ ਤੇ ਹੋਰ ਅਜਿਹੇ ਖੁਸ਼ੀ ਦੇ ਮੌਕਿਆਂ ਉੱਤੇ ਗਾ-ਗਾ ਸੁਣਾਇਆ ਕਰਦੇ ਸਨ। ਕਦੇ ਕਦੇ ਇਹ ਕਥਾਵਾਂ ਗਾਉਣ ਦੇ ਨਾਲ-ਨਾਲ ਨ੍ਰਿਤ ਕਰਕੇ ਵੀ ਪੇਸ਼ ਕੀਤੀਆਂ ਜਾਂਦੀਆਂ ਸਨ। 'ਰਾਸ-ਲੀਲ੍ਹਾ' ਇਹਨਾਂ ਕਿੱਸਿਆਂ ਦਾ ਹੀ ਇਕ ਰੂਪ ਹੈ। ਇਹਨਾਂ ਕਿੱਸਿਆਂ ਦੀ ਬੋਲੀ ਲੋਕ-ਪੱਧਰ ਦੀ ਹੁੰਦੀ ਹੈ। ਪੇਸ਼ੇਵਰ ਲੋਕ ਗਾਇਕ ਇਹਨਾਂ ਕਥਾਵਾਂ ਦੇ ਸਿਰਫ ਮਨੋਰੰਜਨ ਕਰਨ ਵਾਲੇ ਭਾਗਾਂ ਨੂੰ ਹੀ ਟੋਟਿਆਂ ਵਿੱਚ ਛੰਦ-ਬੱਧ ਕਰਦੇ ਹਨ ਅਤੇ ਬਾਕੀ ਹਿੱਸਿਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਸਮੇਂ ਬੋਲ-ਚਾਲ ਦੀ ਭਾਸ਼ਾ ਵਿਚ ਜ਼ਬਾਨੀ ਕਹਿ ਦਿੰਦੇ ਹਨ। ਪੀਲੂ ਦਾ ਮਿਰਜ਼ਾ ਵੀ ਟੋਟਿਆਂ ਵਿਚ ਰਚਿਆ ਮਿਲਦਾ ਹੈ। ਹੌਲੀ-ਹੌਲੀ ਪੂਰੀ ਦੀ ਪੂਰੀ ਕਥਾ ਨੂੰ ਕਿੱਸੇ ਦੇ ਰੂਪ ਵਿਚ ਰਚਨ ਦੀ ਪਰੰਪਰਾ ਚੱਲੀ।

ਕਈ ਵਾਰ ਇਹ ਕਿੱਸੇ ਕਿਸੇ ਇਕ ਲੋਕ-ਗਾਇਕ ਜਾਂ ਕਿਸੇ ਵਿਸ਼ੇਸ਼ ਖਾਨਦਾਨ, ਜਿਸ ਨੇ ਉਹ ਕਿੱਸਾ ਰਚਿਆ ਹੁੰਦਾ ਸੀ ਜਾਂ ਉਸ ਨੂੰ ਵਿਰਸੇ ਵਿਚੋਂ ਮਿਲਿਆ ਹੁੰਦਾ ਸੀ, ਦੇ ਖ਼ਾਤਮੇ ਜਾਂ ਯੋਗ ਵਾਰਸਾਂ ਦੀ ਅਣਹੋਂਦ ਕਾਰਨ, ਉਸ ਦੇ ਨਾਲ ਹੀ ਖ਼ਤਮ ਹੋ ਜਾਂਦੇ ਸਨ।

ਬੋਲ-ਚਾਲ ਦੀ ਅਸਲ ਪੰਜਾਬੀ ਭਾਸ਼ਾ ਦੇ ਲੋਕ ਕਵੀਆਂ ਨੇ ਅਨੇਕ ਸੁੰਦਰ ਲੋਕ ਕਥਾਵਾਂ ਨੂੰ ਛੰਦ-ਬੱਧ ਕੀਤਾ ਅਤੇ ਗਮੰਤਰੀਆਂ ਨੇ ਇਨ੍ਹਾਂ ਕਥਾਵਾਂ ਨੂੰ ਦਿਨ-ਤਿਹਾਰ, ਵਿਆਹ-ਸ਼ਾਦੀਆਂ ਦੇ ਮੌਕਿਆਂ, ਉਤਸਵਾਂ ਤੇ ਉਚੇਚੀਆਂ

ਮਨੋਰੰਜਨ ਇਕੱਤਰਤਾਵਾਂ ਵਿਚ ਗਾਉਣ ਦੀ ਪ੍ਰਥਾ ਪਾਈ। ਭਾਈ ਗੁਰਦਾਸ ਜੀ ਨੇ ਆਪਣੀ 27ਵੀਂ ਵਾਰ ਵਿੱਚ ਸਿੱਖ ਤੇ ਗੁਰੂ ਦੀ ਪ੍ਰੀਤ ਦੱਸਣ ਲਈ ਪ੍ਰੀਤ ਕਹਾਣੀਆਂ ਦੇ ਦ੍ਰਿਸ਼ਟਾਂਤ ਵਰਤੇ ਹਨ।

"ਲੈਲਾ ਮਜਨੂੰ ਆਸਕੀ ਚਹੁ ਚਕੀ ਜਾਤੀ ।
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ ।
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ ।
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ ।
ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ ।੧।"

ਭਾਈ ਗੁਰਦਾਸ ਦੀ ਇਸ ਵਾਰ ਦੀ ਤੁਕ 'ਸੋਰਠਿ ਬੀਜਾ ਗਾਵੀਐ' ਵਿਚ ਆਏ ਸ਼ਬਦ 'ਗਾਵੀਐ' ਤੋਂ ਇਸ ਗੱਲ ਦਾ ਪਰਮਾਣ ਮਿਲਦਾ ਹੈ ਕਿ ਭਾਈ ਗੁਰਦਾਸ ਤੇ ਉਹਨਾਂ ਤੋਂ ਪਹਿਲਾਂ ਦੇ ਸਮਿਆਂ ਵਿਚ ਪ੍ਰੀਤ-ਕਾਵਿ ਨਾ ਕੇਵਲ ਮੌਜੂਦ ਸੀ, ਸਗੋਂ ਇਸ ਨੂੰ ਗਾਉਣ ਦੀ ਪ੍ਰਥਾ ਵੀ ਪੱਕ ਚੁੱਕੀ ਸੀ।

ਪੰਜਾਬੀ ਕਿੱਸਿਆਂ ਦਾ ਸਭ ਤੋਂ ਵੱਡਾ ਸਾਹਿਤਕ ਗੁਣ ਇਨ੍ਹਾਂ ਦੀ ਸੰਗੀਤਕ ਹੂਕ ਹੈ। ਸੰਗੀਤਕ ਲੈਅ ਇਹਨਾਂ ਕਿੱਸਿਆਂ ਦੀ ਇਕ ਹੋਰ ਖ਼ੂਬੀ ਹੈ। ਇਸ ਗੁਣ ਕਰਕੇ ਹੀ ਇਹ ਲੋਕਾਂ ਦੇ ਦਿਲ-ਦਿਮਾਗ ਉੱਤੇ ਛਾ ਗਏ ਸਨ। ਇਹਨਾਂ ਦੀ ਸੰਗੀਤਕ ਖਿੱਚ ਪਾਠਕਾਂ ਅਤੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੰਦੀ ਹੈ। ਜਦੋਂ ਕੋਈ ਕਿੱਸਾਕਾਰ ਹੀਰ, ਸੱਸੀ ਜਾਂ ਸੋਹਣੀ ਦਾ ਕਿੱਸਾ ਗਾਉਂਦਾ ਹੈ ਤਾਂ ਉਸ ਦੇ ਅੰਦਰੋਂ ਅਜਿਹੀ ਸੰਗੀਤਕ ਹੂਕ ਨਿਕਲਦੀ ਹੈ, ਜੋ ਸਰੋਤਿਆਂ ਨੂੰ ਆਪਣੇ ਨਾਲ ਬੰਨ੍ਹ ਲੈਂਦੀ ਹੈ। ਵਾਰਿਸ ਸ਼ਾਹ ਵਿੱਚ ਇਹ ਗੁਣ ਸਭ ਤੋਂ ਵਧੀਕ ਹੈ।

ਡਾ. ਗੁਰਦੇਵ ਸਿੰਘ ਸਿੱਧੂ ਅਨੁਸਾਰ ਕਿੱਸਿਆਂ ਨੂੰ ਪੜ੍ਹਣ-ਸੁਣਨ ਦੀ ਥਾਂ ਇਸ ਦਾ ਗਾਇਕੀ ਰੂਪ ਵਿਚ ਆਨੰਦ ਮਾਣਨ ਦਾ ਵਧੇਰੇ ਰਿਵਾਜ ਉਨ੍ਹੀਵੀਂ ਸਦੀ ਵਿਚ ਹੋਇਆ। ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਸਤਲੁਜ ਪਾਰ ਇਲਾਕੇ ਵਿਚ ਖਾਲਸਾ ਰਾਜ ਸਥਾਪਿਤ ਹੋ ਚੁੱਕਾ ਸੀ ਅਤੇ ਸਤਲੁਜ ਉਰਾਰ ਇਲਾਕੇ ਦੀਆਂ ਦੇਸੀ ਰਿਆਸਤਾਂ ਵੱਲੋਂ ਅੰਗਰੇਜ਼ੀ ਰਾਜ ਦੀ ਸਰਪ੍ਰਸਤੀ ਹਾਸਲ ਕਰ ਲੈਣ ਕਰਕੇ ਪੰਜਾਬੀ ਅਮਨ-ਚੈਨ ਨਾਲ ਜੀਵਨ ਬਤੀਤ ਕਰਨ ਲੱਗ ਪਏ ਸਨ। ਇਹਨਾਂ ਵੱਲੋਂ ਸੁੱਖ-ਸ਼ਾਂਤੀ ਦੀ ਪ੍ਰਾਪਤੀ ਲਈ ਨਵੇਂ ਸਾਧਨਾਂ ਦੀ ਢੂੰਡ ਕੀਤੀ ਜਾਣ ਲੱਗੀ ਤਾਂ ਸਿੱਟੇ ਵਜੋਂ ਇਸ ਪ੍ਰਾਪਤੀ ਲਈ ਕਿੱਸਾ ਕਾਵਿ ਦੀ ਗਾਇਨ ਸ਼ੈਲੀ ਕਵੀਸ਼ਰੀ ਕਾਰਗਰ ਸਾਧਨ ਵਜੋਂ ਵਿਕਸਿਤ ਹੋਈ। ਕਿੱਸਾ ਗਾਇਕੀ ਵਿੱਚ ਕਵੀਸ਼ਰੀ ਪਰਥਾ ਆਪਣੀ ਵੱਖਰੀ ਪਹਿਚਾਣ ਰੱਖਦੀਆ ਹੈ।

ਕਵੀਸ਼ਰੀ:

ਕਵੀਸ਼ਰੀ ਪੰਜਾਬੀ ਕਿੱਸਾ ਗਾਇਕੀ ਦੀ ਇਕ ਪੁਰਾਤਨ ਅਤੇ ਵਿੱਲਖਣ ਵੰਨਗੀ ਹੈ। ਇਸ ਗਾਇਨ ਕਲਾ ਦੀ ਪੇਸ਼ਕਾਰੀ ਬਿਨ੍ਹਾਂ ਸਾਜ਼ਾਂ ਤੋਂ ਹੁੰਦੀ ਹੈ। ਕਵੀਸ਼ਰੀ ਮਾਲਵੇ ਦੀ ਧਰਤੀ ਦੀ ਹੀ ਉਪਜ ਹੈ। ਮਲਵਈ ਕਵੀਸ਼ਰਾਂ ਨੇ ਉੱਚੀਆਂ-ਉੱਚੀਆਂ ਹੇਕਾਂ ਲਾ-ਲਾ ਕੇ ਕਵੀਸ਼ਰੀ ਨੂੰ ਲੋਕਾਂ ਵਿਚ ਹਰਮਨ ਪਿਆਰੀ ਬਣਾਉਣ ਵਿੱਚ ਬਹੁਤ ਯੋਗਦਾਨ ਪਾਇਆ ਹੈ। ਕਵੀਸ਼ਰੀ ਦਾ ਨਿਕਾਸ ਅਠਾਰਵ੍ਹੀਂ ਸਦੀ ਵਿੱਚ ਹੁੰਦਾ ਹੈ, ਭਾਵੇਂ ਮੂਲ ਰੂਪ ਵਿਚ ਭੱਟਾਂ ਦੇ ਆਉਣ ਨਾਲ ਕਵੀਸ਼ਰੀ ਮੁੱਢਲੇ ਰੂਪ ਵਿਚ ਨਜ਼ਰ ਆਉਂਦੀ ਹੈ। ਕਵੀਸ਼ਰੀ ਦੀ ਪਰੰਪਰਾ ਬੜੀ ਹੀ ਪੁਰਾਤਨ ਹੈ ਅਤੇ ਇਹਦਾ ਪਿਛੋਕੜ ਭੱਟ-ਕਾਵਿ ਨਾਲ ਮਿਲਦਾ-ਜੁਲਦਾ ਨਜ਼ਰ ਆਉਂਦਾ ਹੈ। ਜੇ ਗਹੁ ਨਾਲ ਵੇਖਿਆ ਜਾਵੇ ਤਾਂ ਕਵੀਸ਼ਰੀ ਭੱਟ-ਪ੍ਰਥਾ ਦਾ ਹੀ ਸਹਿਜ ਵਿਕਾਸ ਹੈ, ਜੋ ਸਮਾਜਿਕ ਅਤੇ ਆਰਥਿਕ ਪਰਿਵਰਤਨਾਂ ਕਾਰਨ ਉਭਰੇ ਨਵੇਂ ਸੰਕਲਪਾਂ, ਬੋਧਾਂ ਤੇ ਧਾਰਨਾਵਾਂ ਦਾ ਹੀ ਫਲ ਹੈ। ਪੂਰਬਲੇ ਕਾਲ ਵਿਚ ਜੋ ਸਥਾਨ ਭੱਟਾਂ ਨੂੰ ਪ੍ਰਾਪਤ ਸੀ, ਉਹੋ ਪਿਛਲੇਰੇ ਮੱਧਕਾਲ ਵਿੱਚ ਕਵੀਸ਼ਰਾਂ ਦੇ ਹਿੱਸੇ ਆਇਆ। ਭਾਵੇਂ ਕਵੀਸ਼ਰਾਂ ਨੇ ਵਧੇਰੇ ਕਰਕੇ ਕਿੱਸੇ ਹੀ ਰਚੇ ਹਨ, ਪਰ ਉਹ ਸਾਹਿਤਕ ਕਿੱਸਾਕਾਰਾਂ ਵਾਲਾ ਦਰਜਾ ਪ੍ਰਾਪਤ ਨਹੀਂ ਕਰ ਸਕੇ। 'ਕਵੀਸ਼ਰ' ਸ਼ਬਦ ਦੀ ਵਰਤੋਂ ਭਾਈ ਗੁਰਦਾਸ ਦੀ ਵਾਰ ਤੇ ਭਾਈ ਮਿਹਰਵਾਨ ਦੀ ਜਨਮ ਸਾਖੀ ਵਿੱਚ ਕੀਤੀ ਮਿਲਦੀ ਹੈ। ਪ੍ਰਸਿੱਧ ਹਿੰਦੀ ਕਵੀ ਤੁਲਸੀ ਦਾਸ ਨੇ ਬਾਲਮੀਕ ਨੂੰ 'ਆਦਿ ਕਵੀਸ਼ਰ' ਕਿਹਾ ਹੈ।

ਪੱਛਮੀ ਪੰਜਾਬ ਵਿਚ ਮੁਸਲਮਾਨ ਕਵੀਸ਼ਰ ਲਈ 'ਕਿੱਸਾਗੋ' ਪਦ ਦੀ ਵਰਤੋਂ ਵੀ ਹੁੰਦੀ ਰਹੀ ਹੈ। ਲੋਕ-ਕਾਵਿ ਵਾਂਗ ਕਵੀਸ਼ਰੀ ਦੀ ਰਚਨਾ ਸਰੋਤਿਆਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ। ਲੋਕ-ਕਾਵਿ ਵਾਂਗ ਕਵੀਸ਼ਰੀ ਵਿੱਚ ਸਥਾਨਕ ਮੁਹਾਵਰੇ ਅਤੇ ਬੋਲੀ ਦੀ ਵਰਤੋਂ ਵਧੇਰੇ ਹੁੰਦੀ ਹੈ, ਇਸ ਲਈ ਕਵੀਸ਼ਰੀ ਸਾਹਿਤਿਕ-ਕਾਵਿ ਅਤੇ ਲੋਕ-ਕਾਵਿ ਦੇ ਦਰਮਿਆਨੀ ਵਸਤੂ ਹੈ। ਕਵੀਸ਼ਰਾਂ ਦੀ ਬਹੁਤੀ ਰਚਨਾ ਕਿੱਸਿਆਂ ਦੇ ਰੂਪ ਵਿੱਚ ਮਿਲਦੀ ਹੈ। ਡਾ. ਅਜਮੇਰ ਸਿੰਘ ਲਿਖਦੇ ਹਨ ਕਿ ਕਵੀਸ਼ਰੀ ਮਾਲਵੇ ਦੀਆਂ ਖੁਸ਼ਕ ਮਾਰੂ ਰੋਹੀਆਂ ਵਿਚ ਉੱਗਿਆ ਕਾਵਿ-ਕੇਸੂ ਦਾ ਫੁੱਲ ਹੈ, ਜਿਸ ਵਿੱਚ ਸਿੱਧ-ਪੱਧਰੇ ਲੋਕਾਂ ਦੀਆਂ ਭਾਵਨਾਵਾਂ ਦੀ ਰੱਤੜੀ ਭਾਅ ਲਿਸ਼ਕਦੀ ਹੈ ਤੇ ਇਸ ਵਿੱਚ ਸ਼ਾਹੀ-ਬਾਗਾਂ ਦੀ ਚਮੇਲੀ ਦੀ ਸੁਗੰਧ ਨਹੀਂ ਹੈ।

ਡਾ. ਗੁਰਦੇਵ ਸਿੰਘ ਸਿੱਧੂ ਅਨੁਸਾਰ ਮਾਲਵਾ ਖੇਤਰ ਵਿੱਚ ਕਿੱਸਾ-ਸਾਹਿਤ ਦੀ ਰਚਨਾ ਕੁਝ ਪਛੜ ਕੇ ਸ਼ੁਰੂ ਹੋਈ ਅਤੇ ਇਸ ਸਾਹਿਤ ਦੇ ਜਨਮ ਅਤੇ ਵਿਕਾਸ ਵਿੱਚ ਗਾਉਣ ਅਤੇ ਕਵੀਸ਼ਰੀ ਪਰੰਪਰਾ ਨੇ ਬੜਾ ਮਹੱਤਵਪੂਰਨ ਹਿੱਸਾ ਪਾਇਆ ਹੈ। ਕਿੱਸਾ-ਕਾਵਿ ਵਿੱਚ ਪਹਿਲੀ ਵਾਰ ਟੇਕ ਪੰਗਤੀ ਨੂੰ ਕਿੱਸੇ ਵਿੱਚ ਵਾਰ-ਵਾਰ ਦੁਹਰਾਉਣ ਦੀ ਪਿਰਤ ਮਾਲਵੇ ਦੇ ਕਵੀਸ਼ਰਾਂ ਨੇ ਪਾਈ ਹੈ। ਇਹੀ ਕਾਰਨ ਹੈ ਕਿ ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਮਲਵਈ ਕਿੱਸਾ-ਕਾਵਿ ਬੜਾ ਅਮੀਰ ਹੈ। ਬਹੁਤ ਸਾਰੇ ਕਵੀਸ਼ਰਾਂ ਦੇ ਸ਼ਬਦਾਂ ਦੇ ਵਹਾਅ ਅੰਦਰ ਅਜਿਹਾ ਹੜ੍ਹ ਹੁੰਦਾ ਹੈ ਕਿ ਉਹ ਸਰੋਤਿਆਂ ਨੂੰ ਆਪਣੇ ਨਾਲ ਹੀ ਹੜ੍ਹਾ ਕੇ ਲੈ ਤੁਰਦਾ ਹੈ। ਕਵੀਸ਼ਰੀ ਸ਼ਬਦਾਂ ਦੀ ਮਾਇਆ ਹੈ, ਇਹ ਸ਼ਬਦਾਂ ਦੀ ਖੇਡ ਹੈ। ਸ਼ਬਦ ਕਵੀਸ਼ਰੀ ਦਾ ਪਿੰਡ, ਸੁਰ ਇਸ ਦੇ ਪ੍ਰਾਣ, ਛੰਦ ਇਸ ਦਾ ਸਰੀਰ ਅਤੇ ਰਸ ਕਵੀਸ਼ਰੀ ਦੀ ਰੂਹ ਹੈ।

ਮੇਲਿਆਂ ਤਿਉਹਾਰਾਂ ਅਤੇ ਪਿੰਡਾਂ ਦੀਆਂ ਸੱਥਾਂ ਵਿੱਚ ਕਿੱਸਾ ਗਾਇਕੀ ਕਵੀਸ਼ਰੀ ਦਾ ਖੁੱਲ੍ਹਾ ਅਖਾੜਾ ਲਗਾਉਣ ਦੀ ਰੀਤ ਬਹੁਤ ਹੀ ਪ੍ਰਾਚੀਨ ਹੈ, ਜਿਥੇ ਕਵੀਸ਼ਰ ਘੁੰਮ-ਫਿਰ ਕੇ ਸਰੋਤਿਆ ਵਿੱਚ ਆਪਣੀ ਗਾਇਕੀ ਨੂੰ ਪੇਸ਼ ਕਰਦੇ ਸਨ। ਇਨ੍ਹਾਂ ਅਖਾੜਿਆਂ ਵਿੱਚ ਕਵੀਸ਼ਰ ਲੋਕਾਂ ਦੀ ਮੰਗ ਨੂੰ ਦੇਖਦੇ ਹੋਏ ਜਾਂ ਫਿਰ ਆਪਣੀ ਮਰਜ਼ੀ ਨਾਲ ਪ੍ਰਸੰਗ ਜਾਂ ਕਿੱਸਾ-ਕਾਵਿ ਸੁਣਾਉਂਦੇ ਸਨ। ਅਖਾੜੇ ਵਿੱਚ ਕਵੀਸ਼ਰਾਂ ਲਈ ਸਰੋਤਿਆਂ ਨੂੰ ਕੀਲ ਕੇ ਰੱਖਣਾ ਬਹੁਤ ਮੁਸ਼ਕਿਲ ਕੰਮ ਸੀ। ਅਜੋਕੇ ਸਮੇਂ ਵਿੱਚ ਵੀ ਅਖਾੜੇ ਵਿੱਚ ਕਵੀਸ਼ਰੀ ਦਾ ਅਸਲੀ ਸਰੂਪ ਦੇਖਣ ਨੂੰ ਮਿਲਦਾ ਹੈ। ਸ਼ਬਦਾਂ ਵਿੱਚ ਕਵੀਸ਼ਰੀ ਸੁੱਤੀ ਸ਼ਕਤੀ ਦੀ ਤਰ੍ਹਾਂ ਹੈ, ਜੋ ਅਖਾੜੇ ਵਿੱਚ ਨਿੱਤਰ ਕੇ ਜਾਗਦੀ ਤੇ ਪ੍ਰਚੰਡ ਹੁੰਦੀ ਹੈ। ਬਾਬੂ ਰਜਬ ਅਲੀ ਨੇ ਅਖਾੜੇ ਲਈ 'ਕਚਹਿਰੀ' ਸ਼ਬਦ ਵੀ ਵਰਤਿਆ ਹੈ। ਕਲਾਧਾਰੀ ਕਵੀਸ਼ਰ ਅਖਾੜੇ ਨੂੰ ਮੰਤਰ-ਮੁਗਧ ਕਰਕੇ ਕੀਲ ਕੇ ਰੱਖਦੇ ਹਨ। 19ਵੀਂ ਸਦੀ ਵਿਚ ਸਰੋਤਿਆਂ ਦੀ ਗਿਣਤੀ ਬਹੁਤੀ ਨਹੀਂ ਸੀ ਹੁੰਦੀ, ਇਸ ਲਈ ਮੰਜੇ ਉੱਤੇ ਬੈਠੇ ਕਵੀਸ਼ਰ ਦਾ ਬੋਲ ਸਾਰਿਆਂ ਤੱਕ ਪੁੱਜ ਜਾਂਦਾ ਸੀ ਅਤੇ ਸਰੋਤੇ ਉਸ ਦੇ ਸਾਹਮਣੇ ਧਰਤੀ ਉੱਤੇ ਬੈਠਦੇ ਸਨ। ਇਸ ਤਰ੍ਹਾਂ ਵੀਹਵੀਂ ਸਦੀ ਤੱਕ ਪਹੁੰਚਦਿਆਂ-ਪਹੁੰਚਦਿਆਂ ਕਿੱਸਾਕਾਰੀ-ਕਵੀਸ਼ਰੀ ਪਰੰਪਰਾ ਲੋਕਾਂ ਦੇ ਮਨੋਰੰਜਨ ਦਾ ਸਾਧਨ ਬਣਨ ਲੱਗੀ।

ਆਵਾਜਾਈ ਦੇ ਸਾਧਨਾਂ ਦੀ ਵਧੇਰੇ ਵਰਤੋਂ ਹੋਣ ਕਰਕੇ ਲੋਕ ਹੁਮ-ਹੁਮਾ ਕੇ ਪੁੱਜਣ ਲੱਗੇ। ਇਸ ਤਰ੍ਹਾਂ ਹੌਲੀ-ਹੌਲੀ ਕਿੱਸਾਕਾਰੀ ਕਵੀਸ਼ਰੀ ਦੇ ਸਰੋਤਿਆਂ ਦੀ ਗਿਣਤੀ ਵਿੱਚ ਵਾਧਾ ਹੋਣ ਲੱਗਾ। ਸਰੋਤਿਆਂ ਦੀ ਗਿਣਤੀ ਵਧਣ ਕਾਰਨ ਕਵੀਸ਼ਰਾਂ ਨੇ ਬੈਠਣ ਦੀ ਥਾਂ ਖੜ੍ਹ ਕੇ ਗਾਉਣਾ ਸ਼ੁਰੂ ਕਰ ਦਿੱਤਾ, ਪਰ ਜਦ ਫਿਰ ਵੀ ਕਵੀਸ਼ਰ ਦੀ ਆਵਾਜ਼ ਸਾਰੇ ਸਰੋਤਿਆਂ ਤਕ ਨਾ ਪਹੁੰਚਦੀ ਤਾਂ ਦਾਇਰੇ ਵਿੱਚ ਬੈਠਣ ਦਾ ਰਿਵਾਜ ਪਿਆ, ਜਿਸ ਨੂੰ ਅਖਾੜਾ ਆਖਿਆ ਜਾਂਦਾ ਸੀ। ਸਰੋਤੇ ਇਕ ਗੋਲ ਕੁੰਡਲ ਵਿੱਚ ਬੈਠਦੇ ਸਨ ਅਤੇ ਕੁੰਡਲ ਦਾ ਅੰਦਰਲਾ ਕੁਝ ਭਾਗ ਖ਼ਾਲੀ ਰਖਿਆ ਜਾਂਦਾ ਸੀ, ਜਿਥੇ ਕਵੀਸ਼ਰ ਘੁੰਮ-ਫਿਰ ਕੇ ਕਵੀਸ਼ਰੀ ਕਰਦੇ ਸਨ। ਇਸ ਤਰ੍ਹਾਂ ਸਾਰੇ ਸਰੋਤਿਆਂ ਤੱਕ ਕਵੀਸ਼ਰ ਦੀ ਆਵਾਜ਼ ਪੁੱਜਣੀ ਆਸਾਨ ਹੋ ਗਈ। ਪਹਿਲਾਂ ਸਿਰਫ਼ ਇਕ ਵਿਅਕਤੀ ਹੀ ਕਵੀਸ਼ਰੀ ਕਰਦਾ ਸੀ। ਹੌਲੀ-ਹੌਲੀ ਸਮੇਂ ਦੇ ਬਦਲਾਵ ਨਾਲ ਇਕ ਵਿਅਕਤੀ ਦੀ ਥਾਂ ਤੇ ਦੋ ਜਾਂ ਤਿੰਨ ਵਿਅਕਤੀਆਂ ਵੱਲੋਂ ਇਕੱਠੇ ਕਵੀਸ਼ਰੀ ਕਰਨ ਦੀ ਪ੍ਰਥਾ ਸ਼ੁਰੂ ਹੋਈ। ਇਹਨਾਂ ਵਿੱਚੋਂ ਮੁਖੀ ਪ੍ਰਸੰਗ ਸਹਿਤ ਵਿਆਖਿਆ ਕਰਦਾ ਸੀ ਤੇ ਦੂਸਰੇ ਸਾਥੀ ਗਾਇਕੀ ਵਿੱਚ ਸਾਥ ਦਿੰਦੇ ਸਨ।

ਵੀਹਵੀਂ ਸਦੀ ਕਵੀਸ਼ਰੀ ਦੀ ਪੂਰਨ ਚੜ੍ਹਤ ਦਾ ਸਮਾਂ ਹੈ। ਉਦੋਂ ਮੇਲਿਆਂ ਅਤੇ ਹਰ ਖ਼ੁਸ਼ੀ-ਗ਼ਮੀ ਦੇ ਮੌਕੇ ਉਚੇਚੇ ਕਵੀਸ਼ਰਾਂ ਦੇ ਅਖਾੜੇ ਲੱਗਦੇ ਸਨ, ਕਈ ਵਾਰ ਸਾਧਾਰਨ ਦਿਨਾਂ ਵਿੱਚ ਵੀ ਕਵੀਸ਼ਰ ਪਿੰਡਾਂ ਵਿਚ ਆ ਜਾਂਦੇ।

ਇਸ ਤਰ੍ਹਾਂ ਲਗਾਤਾਰ ਕਈ ਕਈ ਦਿਨ ਅਖਾੜਾ ਚਲਦਾ ਰਹਿੰਦਾ। ਆਮ ਤੌਰ ਤੇ ਇਹ ਅਖਾੜਾ ਰਾਤ ਸਮੇਂ ਲਗਦਾ। ਜਦੋਂ ਲੋਕ ਕੰਮ-ਕਾਰ ਤੋਂ ਵਿਹਲੇ ਹੋ ਕੇ ਖਾਣਾ ਖਾ ਕੇ ਵਿਹਲੇ ਹੋ ਜਾਂਦੇ ਤਾਂ ਉਹ ਪਿੰਡ ਦੀ ਸੱਥ ਵਿਚ ਆ ਜਾਂਦੇ। ਇਸ ਤਰ੍ਹਾਂ ਅਖਾੜਾ ਭਰ ਜਾਣ ਤੇ ਕਵੀਸ਼ਰੀ ਸ਼ੁਰੂ ਹੁੰਦੀ ਅਤੇ ਦੇਰ ਰਾਤ ਤੱਕ ਇਹ ਅਖਾੜਾ ਚਲਦਾ ਰਹਿੰਦਾ। ਪਹਿਲਾਂ ਕਵੀਸ਼ਰ ਸਿਰਫ਼ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ, ਸੱਸੀ-ਪੁੰਨੂੰ, ਪੂਰਨ ਭਗਤ, ਜਿਉਣਾ ਮੌੜ, ਸੁੱਚਾ ਸਿੰਘ ਸੂਰਮਾ ਆਦਿ ਦੇ ਕਿੱਸੇ ਹੀ ਜਿਆਦਾ ਗਾਉਂਦੇ ਸਨ। ਹੌਲੀ-ਹੌਲੀ ਸਮੇਂ ਦੀ ਮੰਗ ਅਤੇ ਸਰੋਤਿਆਂ ਦੀ ਮੰਗ ਵਧਣ ਕਾਰਨ ਉਹਨਾਂ ਨੇ ਕਲਪਿਤ ਕਹਾਣੀਆਂ ਜਾਨੀ ਚੋਰ, ਰਾਜਾ ਇੰਦਰ ਸੈਨ, ਰੂਪ ਬਸੰਤ, ਸ਼ੈਤਾਨ ਚੋਰ, ਗੋਲ ਖੂੰਡਾ, ਰਾਜਾ ਜਗਦੇਵ ਆਦਿ ਨੂੰ ਵਿਸ਼ੇ ਬਣਾ ਕੇ ਕਿੱਸਿਆਂ ਦੀ ਰਚਨਾ ਕੀਤੀ ਅਤੇ ਇਹਨਾਂ ਨੂੰ ਸਰੋਤਿਆਂ ਸਾਹਮਣੇ ਗਾਉਣਾ ਸ਼ੁਰੂ ਕਰ ਦਿੱਤਾ। ਲੰਮੇ ਸਮੇਂ ਤੱਕ ਨਿਰੰਤਰ ਕਵੀਸ਼ਰੀ ਨੂੰ ਗਾਉਣਾ ਮੁਸ਼ਕਿਲ ਸੀ। ਇਸ ਲਈ ਕਵੀਸ਼ਰੀ ਵਿਚਕਾਰ ਕਥਾ ਕਰਨ ਦੀ ਪ੍ਰਥਾ ਸ਼ੁਰੂ ਹੋਈ। ਕਥਾ ਕਵੀਸ਼ਰੀ ਦੀ ਰੀੜ੍ਹ ਦੀ ਹੱਡੀ ਹੈ ਜੋ ਮਨੁੱਖੀ ਰੀੜ੍ਹ ਦੀ ਹੱਡੀ ਵਾਂਗ ਲਚਕੀਲੀ ਪਰ ਸਖ਼ਤ ਹੁੰਦੀ ਹੈ। ਇਸ ਤਰ੍ਹਾਂ ਹੌਲੀ-ਹੌਲੀ ਕਵੀਸ਼ਰੀ ਵਿੱਚ ਵਿਆਖਿਆ ਤੇ ਗਾਇਨ ਦੋਵੇਂ ਕਾਰਜ ਸ਼ਾਮਿਲ ਹੋ ਗਏ।

ਪਹਿਲਾਂ ਕਿੱਸਿਆਂ ਵਿੱਚ ਹਾਸ, ਕਰੁਣਾ ਤੇ ਸ਼ਿੰਗਾਰ ਰਸ ਦੀ ਜ਼ਿਆਦਾ ਵਰਤੋਂ ਹੁੰਦੀ ਰਹੀ ਅਤੇ ਕੁਝ ਕਿੱਸਿਆਂ ਵਿੱਚ ਬੀਰ ਰਸ ਵੀ ਵਿਦਮਾਨ ਰਿਹਾ। ਇਸ ਤਰ੍ਹਾਂ ਹੌਲੀ-ਹੌਲੀ ਕਿੱਸੇ ਵਿੱਚ ਸੰਗੀਤਕ ਲੈਅ ਨੂੰ ਵਿਸ਼ੇਸ਼ ਤੌਰ ਤੇ ਅਪਣਾਇਆ ਜਾਣ ਲੱਗਾ। ਪਹਿਲਾਂ ਕਿੱਸੇ ਨੂੰ ਛੰਦਾਂ ਦੇ ਰੂਪ ਵਿਚ ਨਹੀਂ ਲਿਖਿਆ ਜਾਂਦਾ ਸੀ। ਇਸ ਤਰ੍ਹਾਂ ਪੰਜਾਬੀ ਵਿੱਚ ਕਿੱਸੇ ਨੂੰ ਛੰਦ-ਬੱਧ ਕਰਨ ਦੀ ਪਿਰਤ ਪੇਸ਼ੇਵਰ ਗਾਇਕ ਸ਼੍ਰੇਣੀ ਨੇ ਪਾਈ। ਆਮ ਤੌਰ ਤੇ ਲੋਕ ਗਾਇਕ, ਪੇਸ਼ੇਵਰ ਕੌਮਾਂ ਵਿੱਚੋਂ ਹੀ, ਕਿੱਸਿਆਂ ਤੇ ਕਥਾਵਾਂ ਦੇ ਛੰਦਕਾਰ ਬਣਦੇ ਸਨ। ਉਨ੍ਹੀਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕਿੱਸਾਕਾਰਾਂ ਨੇ ਇਕ ਕਿੱਸੇ ਵਿੱਚ ਵੱਖੋ-ਵੱਖ ਛੰਦ ਵਰਤੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ 1901-47 ਈ: ਵਿੱਚ ਕਿੱਸਾਕਾਰੀ ਅਤੇ ਕਵੀਸ਼ਰੀ ਆਪਸ ਵਿੱਚ ਰਲ-ਮਿਲ ਗਈਆਂ ਹਨ। ਇਨ੍ਹਾਂ ਕਿੱਸਿਆਂ ਨੂੰ ਅਖਾੜਿਆਂ ਵਿੱਚ ਉੱਚੀ ਆਵਾਜ਼ ਵਿੱਚ ਗਾਇਆ ਜਾਂਦਾ ਸੀ। ਸਰੋਤੇ ਇਕੋ ਛੰਦ ਨੂੰ ਸੁਣ ਕੇ ਉਕਤਾ ਜਾਂਦੇ ਸਨ। ਇਸ ਲਈ ਵੱਖ-ਵੱਖ ਛੰਦਾਂ ਦੀ ਵਰਤੋਂ ਕੀਤੀ ਗਈ ਤਾਂ ਜੋ ਉਹ ਕਿੱਸੇ ਦਾ ਆਨੰਦ ਲਗਾਤਾਰ ਮਾਣਦੇ ਰਹਿ ਸਕਣ। ਕਿੱਸਾਕਾਰਾਂ ਅਤੇ ਕਵੀਸ਼ਰਾਂ ਦਾ ਕੋਰੜਾ ਛੰਦ ਹਰਮਨ ਪਿਆਰਾ ਸੀ, ਕਵੀਸ਼ਰਾਂ ਨੂੰ ਕੋਰੜਾ ਛੰਦ ਗਾਉਣ ਲਈ ਵਧੇਰੇ ਠੀਕ ਬੈਠਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਅਨੁਸਾਰ 1799 ਤਕ ਦੇ ਕਿੱਸਾਕਾਰਾਂ ਵਿੱਚ ਪ੍ਰੀਤ ਕਥਾ ਦੇ ਕਵੀਆਂ ਵਿਚ ਮਾਲਵੇ ਤੋਂ ਪੂਰਬ ਵੱਲ ਦਾ ਕੋਈ ਕਵੀ ਜਾਂ ਕਵੀਸ਼ਰ ਨਹੀਂ ਹੈ।

ਇਸ਼ਕੀਆ ਕਿੱਸੇ ਕਵੀਸ਼ਰਾਂ ਦਾ ਮਨ ਪਸੰਦ ਵਿਸ਼ਾ ਰਿਹਾ ਹੈ। ਕਵੀਸ਼ਰਾਂ ਨੇ ਜਿੱਥੇ ਕਿੱਸਾ-ਕਾਵਿ ਪਰੰਪਰਾ ਤੋਂ ਲਾਭ ਉਠਾਇਆ ਹੈ, ਉੱਥੇ ਨਵੇਂ ਇਸ਼ਕੀਆ ਕਿੱਸੇ ਸਿਰਜ ਕੇ ਕਿੱਸਾ-ਕਾਵਿ ਦਾ ਖ਼ਜ਼ਾਨਾ ਬੇਨਜ਼ੀਰ ਮੋਤੀਆਂ ਨਾਲ ਭਰਿਆ ਹੈ। ਅਖਾੜੇ ਵਿੱਚ ਇਸ਼ਕੀਆ ਕਿੱਸਿਆਂ ਦੀ ਹਮੇਸ਼ਾ ਮੰਗ ਰਹੀ ਹੈ। ਕਵੀਸ਼ਰੀ ਵਿੱਚ ਹੀਰ ਦਾ ਕਿੱਸਾ ਸਭ ਤੋਂ ਵੱਡੀ ਗਿਣਤੀ ਵਿੱਚ ਲਿਖਿਆ ਗਿਆ ਹੈ। ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੇ ਅੱਧ ਤੱਕ ਇਹ ਵਿਕਾਸ ਕਰਦੀ ਹੈ। ਉਸ ਤੋਂ ਬਾਅਦ ਇਹ ਪਤਨ ਵੱਲ ਤੁਰਦੀ ਹੈ। ਅਜੋਕੇ ਸਮਿਆਂ ਵਿੱਚ ਕਵੀਸ਼ਰੀ ਆਪਣੇ ਆਖਰੀ ਸੁਆਸਾਂ ਤੇ ਹੈ। ਅੱਜ ਇਸ ਕਲਾ ਦੀ ਉਤਨੀ ਮੰਗ ਨਹੀਂ ਹੈ ਜਿਤਨੀ ਕਿ ਪੁਰਾਤਨ ਸਮੇਂ ਵਿੱਚ ਸੀ ਕਿਉਂਕਿ ਸਾਜ਼ਾਂ ਤੋਂ ਬਿਨ੍ਹਾਂ ਸੰਗੀਤ ਨੂੰ ਸੰਗੀਤ ਨਾ ਸਮਝਣਾ ਅੱਜੋਕੇ ਸਮੇਂ ਦੇ ਆਮ ਲੋਕਾਂ ਦੀ ਨਾ-ਸਮਝੀ ਹੈ।

*ਖੋਜਾਰਥੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ,
ਪਟਿਆਲਾ।

Life and Legacy of Guru Nanak Dev Ji

S. Makhan Singh

***Review by:* *** *Prof. (Dr.) Harpreet Kaur*

The hardbound pictorial edition, *'Life and Legacy of Guru Nanak Dev Ji'* is dedicated to the 550th Birth Anniversary of Sri Guru Nanak Dev Ji celebrated world over with great devotion, spirit and fervour in 2019. The ways in which this great occasion was celebrated were varied and publications and literature was one effective way through which the devotees paid their humble tribute to the great reformer, spiritual leader and saint. Guru Nanak was a great thinker, philosopher and builder who laid the tenets of Sikh faith and gave an institutionalized form to it. Many authors have written books dedicated to the eternal glory of Guru Nanak Dev Ji echoing the cardinal principles that are an integral part of the psyche of the Sikhs since immemorial times. Ineffable discourse, philosophy and stories of the Great Guru are being replicated in various ways so that the people across all age groups are attached to it through an eye of faith, understand the tenets with an eye of rationality and logic and imbibe it with commitment and devotion in their hearts, minds and souls.

Guru Nanak's all-embracing vision, arduous sojourns, fervent opposition to the outmoded conventions and extensive dialogues at various religious places with many prominent religious leaders belonging to several sects establishing the futility of rituals are cited in this pictorial book in vibrant sketches touching the chords of the hearts of one and all.

The episodes related to the early life of Guru Nanak Dev ji are depicted with appropriate captions exhibiting that His childhood unveiled a divine streak in many occurrences. Child Guru was not an ordinary child and influenced one and all who came in His contact. His teacher was mighty influenced by the thoughts of Guru that were beyond any worldly education and religion. Guru Sahib questioned prevalent futile tradition of wearing *Janeu* or the sacred thread. Guru Nanak asked the Pandit to tie him a thread that is permanent and does not perish. Such a thread is to be woven with essential values of life like, compassion, commitment, modesty and truth. When Guru Nanak was young, He was much more mature for his age and many episodes of his life provide a testimony to it. When He feel ill and refused to talk to anyone, a physician was called to diagnose his problem and prescribe the medicine. The physician could not diagnose its reason. The Guru made it clear his ailment is the result of the torture of his fellow beings. The Guru said, *Vaid bulaia vaidgi pakar dhandhole banh. Bhola vaid na jani karak kaleje mahi (SGGS: Pg. 1279).*

The '*Sacha Sauda*' episode establishes the primacy of fair occupation in one's life. Guru Nanak had joined the vocation of his father in His early years and as a shopkeeper, fairness in dealings was vital to him. '*Na Koi Hindu Na Musalmaan*', pronounced by the Guru establishes oneness in society of those times fragmented on the basis of religion and marked by religious bigotry. As against the customs marked by the malice of caste system, Guru Nanak endorsed egalitarianism in words and deeds. Guru Nanak had meal with Bhai Lalo contravening the norms entrenched in the then

society dispelling the caste system and echoing that all are born from one God. The painting included in the book wherein Guru Nanak went and stayed with Bhai Lalo rejects all human made boundaries segregating the people in high and low order.

The teachings of Guru Nanak Dev reached the common masses in a simple and effective manner during the *Udasis* covering almost 3800 kilometres and the adherents of different faiths and orders imbibed it in thought and action. Guru Sahib visited the strongholds of various religious places belonging to Hindu as well as Muslim Faiths and made the people understand the true crux of life.

Mardana, the lifelong companion of the Guru who accompanied him on the *Udasis* belonged to the low caste and this bond is reflected in the paintings depicted in the book. Sajjan thug was explained the importance of honest labour or *Kirat* in one's life. Being true to one's vocation will not only, be instrumental in having a well-balanced personality and leading a dignified life but also, ensure that people transcend in spiritual affairs. To *Sidhas* at Sumer Parbat, the Guru explained that True Name is the only refuge for illuminating the minds and one can actually remain detached in the midst of mammon and the picture to this effect is heart-touching.

Cleanliness is Godliness and Guru Nanak implored this during his visits. He was pained to see dirt littered around in a slum. He motivated the people to resort to self-help and after setting ablaze the slums, new dwelling areas with spanking clean surroundings was erected. The emphasis on self-help in cleaning and building an entirely new village is relevant in the world when people generally have the tendency to shun their duties and the painting included in the book motivates one to understand one's duty is life.

Guru Nanak raised his voice against the atrocious rulers of those times. When He condemned Babur for unleashing terror on the innocent masses, Guru Sahib was put into a jail where He was made to grind grains. The flow of divine Kirtan in the prison made Babur visit the place freeing the imprisoned there for after meeting Guru Nanak, a feeling of remorse was in his heart.

After ameliorating a number of kings, *mullas, pandits* and common people, Guru Nanak settled on the banks of River Ravi at Kartarpur Sahib where he lived for 18 years implementing the principles that He had preached during his sojourns. The socio-economic maxim, *Kirat Karo, Wand Chako and Nam Japo* was the base of the community life at Kartarpur. When Guru Sahib left for the heavenly abode, both the communities, Hindus as well as Muslims wanted to perform the last rites of the Guru as per their religious traditions reiterating that the followers of Nanak were from all religions. *Nanak Nam Leva* endorse his universal teachings till date. The epoch in which Guru Nanak lived was turbulent and we can feel that the present times are no less challenging and so, there is a need to reassert and endorse the human values taught by the First Guru very ardently in the present epoch.

One of the effective means to disseminate these eternal values to the people is through literature and this pictorial publication endorses and preserves our scholastic heritage. This book has two-fold distinctive objectives, firstly, to make the people aware of the glorious past and secondly, make earnest efforts to preserve our literature and heritage for the posterity. Echoing the importance of the Sikh history, the book imparts a moral lesson effortlessly.

The exclusive paintings are provided by the courtesy of Punjab & Sind Bank, V & A Museum and Museums of DSGMC and SGPC from their archives along with various internet sites giving an embellished vision into the life episodes very vividly outlining the facial expressions of the characters as depicted by the painters and the background of the life episode of the Guru.

Paintings are no doubt, the finest of the fine arts. It is one of the most impressive arts that visibly depicts the emotions of the people and the events of an era expressively. This is probably due to the fact that the painters have a rare sense of observation, creativity of imagination necessary for the recapturing of the events, moods and action. There is no shadow of doubt that the artistic representation of history is more scientific and is a deeper pursuit rather than the writing of history. It is believed that the art of letters appeal to heart while the factual reprints describe bare facts. Religion and art are closely related to each other having the same meaningful connotation. Moreover paintings definitely have a profound appeal to the people.

The style of depicting the life episodes of Guru Nanak Dev Ji in pictures was incorporated into literature with as early as the *Janam Sakhi* tradition. The visual and naturalistic representation in *Janam Sakhis* brings solace to our hearts and nourishes our soul. The trend of snapshots from rich historical past represented in books make the text contained in it livelier and representative. The visuals artistic expressions in vibrant colours brings radiance into the written text and conveys the meaning and context very distinctively illuminating the accounts. One can delve into history and its narratives come out beautifully and comprehensively in the imageries with a lot of inexplicable things explained. More recently, this phenomenon is becoming more popular especially with the computer technology that has simplified the reproduction of images. Such literature with visuals artistically expressed not only, supplements the text but also, blossoms our hearts and nourishes our souls bringing forth our inner joy. The picturesque paintings are, undoubtedly, a visual treat bringing out graphic description of those times.

S. Makhan Singh has written a number of books and his recent book is continuation of his previous pictorial collection that was widely appreciated. The life and legacy of Guru Nanak has been portrayed in a noteworthy way engrossing the readers in an overwhelming manner. S. Makhan Singh has illustrated historical events and written a brief description, which explains the events to the readers and stimulates them to understand the crux of the message spread by the Gurus. It is, indeed, a marvel that a personality from the corporate world has the ability and vivacity to write such books that is an asset for the community at present and also for the future. I congratulate him

for his present volume and pray to Almighty to give him strength and health to write more books for the benefit of the community.

This illustrious pictorial book published by Sikh Foundation is a laudable effort in explicating the historical narratives in a unique and stimulating way. One is transmuted into another world altogether. The eternal message of Guru Nanak is conveyed through the book after a thorough research in an interesting and effective manner.

***Principal, Mata Sundri College for Women,**
University of Delhi

ਸੰਗੀਤ ਦੀ ਸਾਰਥਕਤਾ

ਡਾ.ਨਿਵੇਦਿਤਾ ਸਿੰਘ

ਸੰਗੀਤ ਮਨੁੱਖ ਨੂੰ ਕੁਦਰਤ ਵੱਲੋਂ ਬਖ਼ਸ਼ੀ ਇੱਕ ਅਦੁੱਤੀ ਦਾਤ ਹੈ। ਸ੍ਰਿਸ਼ਟੀ ਦੇ ਕਣ-ਕਣ ਵਿੱਚ ਸੰਗੀਤ ਵਿਦਮਾਨ ਹੈ। ਪੂਰਾ ਜਗਤ ਸੰਗੀਤਮਈ ਹੈ। ਇਸੇ ਲਈ, ਸੰਗੀਤ ਨੂੰ 'ਨਾਦ ਬ੍ਰਹਮ' ਵੀ ਕਿਹਾ ਗਿਆ ਹੈ। ਸੰਗੀਤ ਵਿਹੂਣੇ ਸੰਸਾਰ ਅਤੇ ਮਾਨਵੀ ਸਮਾਜ ਦੀ ਕਲਪਨਾ ਤੱਕ ਵੀ ਅਸੰਭਵ ਹੈ। ਇਹ ਉਹ ਕਲਾ ਹੈ ਜੋ ਮਨੁੱਖ ਅੰਦਰ ਜਨਮ ਜਾਤ ਤੋਂ ਹੀ ਦੈਵੀ ਗੁਣ ਦੇ ਬੀਜ ਰੂਪ ਵਿੱਚ ਪ੍ਰਫੁਲਿਤ ਹੋ ਜਾਂਦੀ ਹੈ। ਨਿੱਕੇ ਬਾਲ, ਅਲੂੱੜ ਉਮਰ ਦੇ ਬੱਚੇ, ਨੌਜੁਆਨ, ਪ੍ਰੋੜ੍ਹ ਅਤੇ ਬਜ਼ੁਰਗ, ਸਾਰੇ ਹੀ ਸੰਗੀਤ ਪ੍ਰਤੀ ਆਕਰਸ਼ਿਤ ਹੁੰਦੇ ਹਨ ਅਤੇ ਕਿਸੇ ਨਾ ਕਿਸੇ ਰੂਪ ਵਿੱਚ ਸੰਗੀਤ ਨਾਲ ਜੁੜੇ ਹੁੰਦੇ ਹਨ। ਪਸ਼ੂ-ਪੰਛੀ ਅਤੇ ਇੱਥੋਂ ਤੱਕ ਕਿ ਪੌਦੇ ਵੀ ਸੰਗੀਤ ਦੀਆਂ ਮਧੁਰ ਸੁਰਾਂ ਨੂੰ ਮਾਣਦੇ ਹਨ। ਸੰਗੀਤ ਮਨੁੱਖ ਦੀਆਂ ਸੁਹਜਾਤਮਕ ਬਿਰਤੀਆਂ ਨੂੰ ਜਗਾਉਂਣ ਦਾ ਇੱਕ ਸਫ਼ਲ ਮਾਧਿਅਮ ਹੈ। ਕੋਈ ਵੀ ਮਨੁੱਖ ਜਦੋਂ ਸੰਗੀਤ ਦੀਆਂ ਸੁਰਾਂ ਨੂੰ ਸੁਣਦਾ ਹੋਇਆ ਕੁਝ ਪਲ ਲਈ ਗੁਆਚ ਜਾਂਦਾ ਹੈ ਤਾਂ ਉਹ ਉਤਕ੍ਰਿਸ਼ਟਤਾ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਉਸਦਾ ਹਿਰਦਾ ਸ਼ਾਂਤ, ਮਨ ਨਿਰਛਲ ਤੇ ਆਤਮਾ ਨਿਰਮਲ ਹੋ ਜਾਂਦੀ ਹੈ। ਸੰਗੀਤ ਦੀ ਇਸੇ ਉੱਤਮਤਾ ਨੂੰ ਸਮਝਦੇ ਹੋਏ ਅਨੇਕ ਰਿਸ਼ੀਆਂ, ਵਿਦਵਾਨਾਂ ਅਤੇ ਚਿੰਤਕਾਂ ਨੇ ਇਸਦੀ ਮਹਿਮਾ ਦਾ ਬਖਾਨ ਕੀਤਾ ਹੈ।

ਸੰਗੀਤ ਸੂਖਮ ਅਭਿਵਿਅਕਤੀ ਦੀ ਕਲਾ ਹੈ, ਬਿਆਨਬਾਜ਼ੀ ਦੀ ਨਹੀਂ। ਇਹ ਪ੍ਰਤੀਕਾਤਮਕ ਕਲਾ ਹੈ ਪਰ ਕਿਸੇ ਵੀ ਸਥਿਤੀ ਪ੍ਰਤੀ ਇਸਦਾ ਸੰਕੇਤ ਏਨਾ ਡੂੰਘਾ ਤੇ ਪ੍ਰਭਾਵਸ਼ਾਲੀ ਹੁੰਦਾ ਹੈ ਕਿ ਸਹਿਜੇ ਹੀ ਸਥਿਤੀ ਦਾ ਅਹਿਸਾਸ ਕਰਵਾ ਦਿੰਦਾ ਹੈ। ਅਭਿਵਿਅਕਤੀ ਅਤੇ ਮਾਧਿਅਮ ਦੀ ਇਸੇ ਸੂਖਮਤਾ ਕਾਰਨ ਸਾਰੀਆਂ ਲਲਿਤ ਕਲਾਵਾਂ ਵਿੱਚੋਂ ਸੰਗੀਤ ਨੂੰ ਸਰਬੋਤਮ ਸਥਾਨ ਪ੍ਰਾਪਤ ਹੈ। ਸ਼ਬਦਾਂ ਤੋਂ ਪਾਰ ਜਾ ਕੇ ਕੇਵਲ ਮਧੁਰ ਆਵਾਜ਼ ਰਾਹੀਂ ਭਾਵਾਂ ਦਾ ਸੰਚਾਰ ਕਰਨ ਦੀ ਸਮਰੱਥਾ ਸੰਗੀਤ ਦਾ ਸਹਿਜ ਗੁਣ ਹੈ। ਇਹ ਸੁਰ ਅਤੇ ਲੈਅ-ਯੁਕਤ ਕਲਾ ਸਭਿਆਚਾਰਕ ਪਰੰਪਰਾਵਾਂ ਦਾ ਇੱਕ ਮੂਰਤੀਮਾਨ ਪ੍ਰਤੀਕ ਹੈ, ਭਾਵਨਾਵਾਂ ਦੀ ਉੱਤਮ ਕ੍ਰਿਤੀ ਹੈ ਅਤੇ ਅਮੂਰਤ ਭਾਵਨਾਵਾਂ ਨੂੰ ਮੂਰਤ ਰੂਪ ਦੇਣ ਦਾ ਮਾਧਿਅਮ ਹੈ।

ਹਰੇਕ ਧੁਨੀ ਜਾਂ ਆਵਾਜ਼ ਸੰਗੀਤਮਈ ਨਹੀਂ ਹੋ ਸਕਦੀ। ਜਿਸ ਧੁਨੀ ਵਿੱਚ ਸੰਗੀਤਕ ਸੰਭਾਵਨਾਵਾਂ ਹੋਣ ਓਹੀ ਸੰਗੀਤ ਉਪਯੋਗੀ ਆਵਾਜ਼ 'ਨਾਦ' ਕਹਾਉਂਦੀ ਹੈ। ਇਸ ਤਰ੍ਹਾਂ ਸੰਗੀਤ ਵਿੱਚ ਧੁਨੀ ਦਾ ਇੱਕ ਸ਼ੁਧ, ਨਿਯਮਿਤ ਅਤੇ ਸੰਤੁਲਿਤ ਰੂਪ ਪ੍ਰਯੋਗ ਹੁੰਦਾ ਹੈ। ਜਿੱਥੇ ਇਹ ਗੁਣ ਗੁਆਚ ਜਾਂਦੇ ਹਨ, ਸੰਗੀਤ ਵੀ ਗੁੰਮ ਜਾਂਦਾ ਹੈ ਅਤੇ ਸ਼ੋਰ ਪ੍ਰਬਲ ਹੋ ਜਾਂਦਾ ਹੈ। ਹਿਰਦੇ ਦੇ ਸੂਖ਼ਮ ਭਾਵਾਂ ਨੂੰ ਨਾਦ ਦੇ ਮਾਧਿਅਮ ਨਾਲ ਅਭਿਵਿਅਕਤ ਕਰਨ ਦੀ ਕਲਾ ਸੰਗੀਤ ਹੈ। ਦੂਸਰੇ ਸ਼ਬਦਾਂ ਵਿੱਚ ਸੁਰ ਅਤੇ ਤਾਲ ਯੁਕਤ ਉਹ ਸੁੰਦਰ ਰਚਨਾ ਜਿਹੜੀ ਕੰਨਾਂ ਨੂੰ ਮਧੁਰ ਅਤੇ ਸੁਰੀਲੀ ਲੱਗੇ ਅਤੇ ਮਨੁੱਖ ਦੇ ਚਿੱਤ ਨੂੰ ਪ੍ਰਸੰਨ ਕਰੇ ਉਸਨੂੰ ਸੰਗੀਤ ਕਹਿੰਦੇ ਹਨ। ਨਾਦ ਤੋਂ 'ਸੁਰ' ਅਤੇ ਲੈਅ ਤੋਂ 'ਤਾਲ' ਦੀ ਉਤਪਤੀ ਮੰਨੀ ਜਾਂਦੀ ਹੈ, ਜੋ ਸੰਗੀਤ ਕਲਾ ਦੇ ਪ੍ਰਮੁੱਖ ਤੱਤ ਹਨ। ਸੰਗੀਤ ਸ਼ਬਦ 'ਸਮ ਅਤੇ ਗੀਤ' ਇਹਨਾਂ ਦੋਹਾਂ ਦੇ ਸੁਮੇਲ ਤੋਂ ਬਣਿਆ ਹੈ। ਸਮ ਦਾ ਭਾਵ ਹੈ ਸਮਾਨ ਜਾਂ ਸੰਤੁਲਿਤ ਰੂਪ ਵਿੱਚ ਅਤੇ ਗੀਤ ਦਾ ਅਰਥ ਗਾਨ ਤੋਂ ਹੈ। ਸ਼ਾਸਤਰਾਂ ਅਨੁਸਾਰ- 'ਸਮੱਯਕ ਗਾਯਤੇ ਇਤੀ ਸੰਗੀਤਮ' ਭਾਵ - ਸੁਰ, ਤਾਲ, ਸ਼ਬਦ, ਮੁਦਰਾ, ਭਾਵ ਅਤੇ ਉਚਾਰਣ ਵਿੱਚ ਸਮ ਤੋਲ ਰੱਖਦੇ ਹੋਏ ਗਾਨ ਕਰਨਾ ਹੀ ਸੰਗੀਤ ਹੈ। ਭਾਰਤੀ ਪਰੰਪਰਾ ਅਨੁਸਾਰ ਗਾਇਨ, ਵਾਦਨ ਅਤੇ ਨ੍ਰਿਤ ਤਿੰਨਾਂ ਕਲਾਵਾਂ ਦੇ ਸੰਯੁਕਤ ਰੂਪ ਨੂੰ ਸੰਗੀਤ ਕਿਹਾ ਗਿਆ ਹੈ। ਇਹ ਤਿੰਨੇ ਵਿਧਾਵਾਂ ਇੱਕ ਦੂਸਰੇ ਤੋਂ ਸੁਤੰਤਰ ਹੁੰਦੇ ਹੋਏ ਵੀ ਇੱਕ ਦੂਸਰੇ 'ਤੇ ਆਸ਼ਰਿਤ ਹਨ। ਗੀਤ ਮਾਨਵ-ਕੰਠ ਦੀ ਸਹਿਜ ਅਭਿਵਿਅਕਤੀ ਹੈ, ਵਾਦਨ ਇਸੇ ਦਾ ਪਾਸਾਰ ਹੈ ਅਤੇ ਨ੍ਰਿਤ ਦੋਵਾਂ 'ਤੇ ਅਧਾਰਿਤ ਹੁੰਦਾ ਹੈ।

ਸੁਰ ਅਤੇ ਤਾਲ ਦਾ ਇਹ ਸੰਤੁਲਿਤ ਪ੍ਰਬੰਧ ਸੰਗੀਤਕਾਰ ਦੀ ਆਪਣੀ ਕਲਪਨਾ ਅਤੇ ਵਿਵੇਕਸ਼ੀਲਤਾ 'ਤੇ ਨਿਰਭਰ ਹੁੰਦਾ ਹੈ। ਸਿਰਜਣਾ ਇੱਕ ਖੋਜ ਜਾਂ ਨਿਰਮਾਣ ਤੋਂ ਕੁੱਝ ਵੱਖ ਪ੍ਰਕਿਰਿਆ ਹੈ ਜਿਸ ਵਿੱਚ ਕੋਈ ਪੱਕੇ ਮਿਆਰ ਸਿਰਜਕ ਦੇ ਸਾਹਣੇਂ ਨਹੀਂ ਹੁੰਦੇ ਬਲਕਿ ਉਹ ਆਪਣੀ ਵਿਅਕਤੀਗਤ ਸੋਚ, ਸੂਝ-ਬੂਝ, ਭਾਵਨਾ, ਕਲਪਨਾਸ਼ੀਲਤਾ ਦੇ ਅਧਾਰ 'ਤੇ ਸਿਰਜਣਾ ਕਰਦਾ ਹੈ। ਸੁਰਾਂ ਦੇ ਇਸੇ ਪ੍ਰਬੰਧ ਵਿੱਚੋਂ ਕਿਸੇ ਭਾਵਨਾ ਜਾਂ ਵਿਚਾਰ ਦਾ ਸੰਚਾਰ ਵੀ ਜ਼ਰੂਰੀ ਹੈ। ਜੀਵਨ ਦੇ ਸਾਰੇ ਰਾਗ-ਅਨੁਰਾਗ ਅਤੇ ਰੰਗਾਂ ਦੀ ਤਰਜਮਾਨੀ ਕਰਦਾ ਹੋਇਆ ਸੰਗੀਤ ਭੌਤਿਕ ਸਥਿਤੀਆਂ ਤੋਂ ਉੱਪਰ ਉੱਠਕੇ ਪਾਰਗਾਮੀ ਸਥਿਤੀ ਵਿੱਚ ਮਨੁੱਖ ਨੂੰ ਪ੍ਰਵੇਸ਼ ਕਰਾਉਣ ਦੀ ਸਮਰੱਥਾ ਰੱਖਦਾ ਹੈ। ਇਸ ਪ੍ਰਕਿਰਿਆ ਵਿੱਚ ਸੰਗੀਤਕਾਰ ਅਤੇ ਸ੍ਰੋਤੇ, ਦੋਵਾਂ ਦਾ ਵਿਅਕਤਿਤਵ ਵਿਸ਼ਾਲ ਬ੍ਰਹਿਮੰਡ ਵਿੱਚ ਲੀਨ ਹੋ ਜਾਂਦਾ ਹੈ।

ਮਨੁੱਖ ਦੀਆਂ ਉਤਕ੍ਰਿਸ਼ਟ ਬਿਰਤੀਆਂ ਵਿੱਚੋਂ ਸੰਗੀਤ ਦਾ ਸਰਬੋਤਮ ਸਥਾਨ ਹੈ। ਮਨੁੱਖਤਾ ਨੂੰ ਕਾਇਮ ਰੱਖਣ ਅਤੇ ਇਨਸਾਨੀ ਜੀਵਨ ਨੂੰ ਬਿਹਤਰ ਬਣਾਉਣ ਦਾ ਸੰਗੀਤ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ। ਇਹ ਉਦੇਸ਼ ਤਾਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜੇ ਸੰਗੀਤ ਸਿਰਜਣਾ ਪਿੱਛੇ ਭਾਵਨਾ ਸਹੀ ਹੋਵੇ ਤੇ ਇਸ ਨੂੰ ਗ੍ਰਹਿਣ ਕਰਨ ਵਾਲਾ ਵਿਅਕਤੀ ਵੀ ਸੁਹਿਰਦ ਹੋਵੇ। ਵਰਤਮਾਨ ਵਿੱਚ ਬਹੁਤਾ ਸੰਗੀਤ ਵਪਾਰਕ ਪੱਧਰ 'ਤੇ ਪੈਦਾ ਹੋ ਰਿਹਾ ਹੈ ਤੇ ਵਿਕ ਰਿਹਾ ਹੈ। ਅਜਿਹਾ ਸੰਗੀਤ ਮਨੁੱਖ ਨੂੰ ਉੱਤਮਤਾ ਨਹੀਂ ਬਖ਼ਸ਼ ਸਕਦਾ। ਸਹੀ ਸੰਗੀਤ ਦੀ ਪਛਾਣ ਅਤੇ ਇਸਦਾ ਨਿਰਮਾਣ ਅੱਜ ਮਨੁੱਖੀ ਸਮਾਜ ਦੇ ਕਲਿਆਣ ਲਈ ਅਤਿ ਲੋੜੀਂਦੇ ਹਨ।

ਪ੍ਰੋਫ਼ੈਸਰ, ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜੀਵਨ ਬਿਉਰਾ

ਪ੍ਰੋ. ਹਰਭਜਨ ਸਿੰਘ ਧਾਰੀਵਾਲ

ਪ੍ਰੋ. ਹਰਭਜਨ ਸਿੰਘ ਧਾਰੀਵਾਲ ਸੰਗੀਤ ਦੇ ਅੰਤਰਰਾਸ਼ਟਰੀ ਪੱਧਰ ਦੇ ਜਾਣੇ ਪਛਾਣੇ ਸੰਗੀਤਕਾਰ ਹਨ ਜੋ ਪਖਾਵਜ ਅਤੇ ਗੁਰਬਾਣੀ ਕੀਰਤਨ ਦੀ ਡੂੰਘੀ ਅਤੇ ਖੋਜ ਭਰਪੂਰ ਜਾਣਕਾਰੀ ਰੱਖਦੇ ਹਨ । ਪੰਜਾਬ ਘਰਾਣੇ ਦੀ ਲਾਹੌਰ ਬਾਜ ਦੀ ਪਰੰਪਰਾ ਦੇ ਕੇਵਲ ਇੱਕ ਮਾਤ੍ਰ ਪਖਾਵਜੀ ਹਨ ਜੋ ਅਲੋਪ ਹੋ ਰਹੇ ਧਰੁੱਵਪਦ ਧਮਾਰ ਅਤੇ ਗੁਰਬਾਣੀ ਕੀਰਤਨ ਪਰੰਪਰਾ ਦੇ ਅਹਿਮ ਸਾਜ਼ ਪਖਾਵਜ ਦੀ ਸਾਂਭ ਸੰਭਾਲ ਅਤੇ ਪ੍ਰਚਾਰ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ । ਸਿੱਖ ਰਿਸਰਚ ਇੰਸਟੀਚਿਊਟ ਅਮਰੀਕਾ ਅਤੇ ਅੱਜ ਕੱਲ ਨਾਦ ਮਿਊਜਿਕ ਇੰਸਟੀਚਿਊਟ ਅਮਰੀਕਾ ਦੇ ਬਤੌਰ ਸੀਨੀਅਰ ਰਿਸਰਚ ਫੈਲੋ ਕੰਮ ਕਰ ਰਹੇ ਹਨ ।

ਆਪ ਦਾ ਜਨ੍ਮ 20 ਜਨਵਰੀ 1963 ਨੂੰ ਗੁਰਦਾਸਪੁਰ ਜ਼ਿਲੇ ਦੇ ਕਸਬਾ ਧਾਰੀਵਾਲ ਵਿਖੇ ਮਾਤਾ ਜੋਗਿੰਦਰ ਕੌਰ ਅਤੇ ਪਿਤਾ ਗਿਆਨੀ ਮਹਿਲ ਸਿੰਘ ਦੇ ਘਰ ਹੋਇਆ । ਘਰ ਦਾ ਮਹੌਲ ਧਾਰਮਿਕ ਹੋਣ ਕਰਕੇ ਘਰ ਵਿੱਚੋਂ ਹੀ ਗੁਰਬਾਣੀ, ਕੀਰਤਨ ਅਤੇ ਗੁਰੂ ਘਰ ਦੀ ਸੇਵਾ ਦੀ ਚੇਟਕ ਘਰੋਂ ਹੀ ਲੱਗ ਗਈ । ਆਪ ਬੀ.ਏ ਅਤੇ ਬੀ.ਐਡ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਐਮ.ਏ ਮਿਊਜਿਕ ਵਾਦਨ (ਤਬਲਾ) ਅਵਲ ਦਰਜ਼ੇ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰ ਚੁੱਕੇ ਹਨ । ਇੱਸ ਤੋਂ ਇਲਾਵਾ ਡਿਪਲੋਮਾ ਸੰਗੀਤ ਵਿਸ਼ਾਰਦ ਗਾਇਨ ਵਿੱਚ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਕਰ ਚੁੱਕੇ ਹਨ।

ਗਾਇਨ ਦੀ ਮੁੱਢਲੀ ਤਾਲੀਮ ਪ੍ਰੋ.ਰੰਜਨਾ ਸ਼ਰਮਾ(ਗੁਰਦਾਸਪੁਰ) ਅਤੇ ਉਸਤਾਦ ਲਛਮਨ ਸਿੰਘ ਸੀਨ ਜੀ ਤੋ ਪ੍ਰਾਪਤ ਕੀਤੀ । ਤਬਲੇ ਦੀ ਮੁੱਢਲੀ ਤਾਲੀਮ ਬਾਬਾ ਰੂਪ ਸ਼ਾਹ ਜੀ ਖਤੀਬਾਂ ਵਾਲੇ (ਬਟਾਲਾ) ਤੋਂ 4-5 ਸਾਲ ਪ੍ਰਾਪਤ ਕਰਨ ਤੋਂ ਬਾਅਦ ਉਚੇਰੀ ਸਿੱਖਿਆ ਲਈ ਪੰਜਾਬ ਘਰਾਣੇ ਦੇ ਮਹਾਨ ਸੰਗੀਤ ਆਚਾਰੀਆ ਉਸਤਾਦ ਲਛਮਨ ਸਿੰਘ ਸੀਨ ਜੀ ਤੋਂ ਗੁਰੂ ਸਿਸ਼ ਪ੍ਰੰਪਰਾ ਅਧੀਨ ਲੱਗਭਗ 20 ਕੁ ਸਾਲ ਵਿੱਧੀ ਬੱਧ ਤਾਲੀਮ ਪ੍ਰਾਪਤ ਕੀਤੀ । ਬਾਅਦ ਵਿੱਚ ਉਸਤਾਦ ਜੀ ਦੀ ਪ੍ਰੇਰਨਾਂ ਸਦਕਾ 10-12 ਸਾਲਾ ਤੋਂ ਅਲੋਪ ਹੋ ਰਹੇ ਸਾਜ਼ ਪਖਾਵਜ ਦੀ ਤਾਲੀਮ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ । ਕਿਉਂ ਕਿ ਪੰਜਾਬ ਘਰਾਣਾ ਹੈ ਹੀ ਪਖਾਵਜੀਆ ਦਾ ਘਰਾਣਾ ਹੈ ਅਤੇ ਅਲੋਪ ਹੋ ਰਹੇ ਪਖਾਵਜ ਸਾਜ਼ ਦੀ ਪ੍ਰੰਪਰਾ ਨੂੰ ਸੰਭਾਲਣ ਤੇ ਪ੍ਰਚਾਰਨ ਦੀ ਜ਼ਿੰਮੇਵਾਰੀ ਵੀ ਪ੍ਰੋ. ਹਰਭਜਨ ਸਿੰਘ ਧਾਰੀਵਾਲ ਦੇ ਹਿੱਸੇ ਆਈ ਹੈ । ਪਖਾਵਜ ਜਿੱਥੇ ਹਿੰਦੋਸਤਾਨੀ ਸੰਗੀਤ ਦੀ ਸਿਰਮੌਰ ਸ਼ੈਲੀ ਧਰੂਵਪਦ-ਧਮਾਰ ਦਾ ਅਹਿਮ ਸਾਜ਼ ਹੈ ਉਥੇ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਨਿਰਬਾਣ ਕੀਰਤਨ ਪ੍ਰੰਪਰਾ ਦਾ ਵੀ ਪਖਾਵਜ ਅਤਿਅੰਤ ਮਹੱਤਵਪੂਰਨ ਸਾਜ਼ ਹੈ । ਇੱਸ ਲਈ ਆਪ ਪਖਾਵਜ ਨੂੰ ਪ੍ਰਚਾਰਨ ਦਾ ਅਟੁੱਟ ਯਤਨ ਕਰ ਰਹੇ ਹਨ ।

ਐਸ. ਡੀ. ਕਾਲਜ ਦੀਨਾ ਨਗਰ , ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ ਵਿਭਾਗ ਚੰਡੀਗੜ੍ਹ ,ਬੇਬੇ ਨਾਨਕੀ ਗੁਰਮਤਿ ਕਾਲਜ ਸੁਲਤਾਨਪੁਰਲੋਧੀ ਬਤੌਰ ਪ੍ਰੋਫੈਸਰ ਸੰਗੀਤ ਅਤੇ ਭਾਈ ਵੀਰ ਸਿੰਘ ਗੁਰਮਤਿ ਕਾਲਜ ਅੰਮ੍ਰਿਤਸਰ ਵਿਖੇ ਬਤੌਰ ਸੰਗੀਤ ਪ੍ਰੋਫੈਸਰ ਸੇਵਾ ਕਰ ਚੁੱਕੇ ਹਨ । ਅੱਜ ਕੱਲ ਆਪ ਨਾਦ ਮਿਊਜਿਕ ਇੰਸਟੀਚਿਊਟ ਅਮਰੀਕਾ ਦੇ ਸੀਨੀਅਰ ਰਿਸਰਚ ਫੈਲੋ ਹਨ ਜੋ ਗੁਰਬਾਣੀ ਕੀਰਤਨ ਤੇ ਪਖਾਵਜ ਸਬੰਧੀ ਖੋਜ ਭਰਪੂਰ ਕਾਰਜ ਕਰ ਰਹੇ ਹਨ ।

ਆਪ ਵਲੋਂ ਗੁਰਬਾਣੀ ਕੀਰਤਨ , ਤਬਲਾ ਅਤੇ ਪਖਾਵਜ ਸਬੰਧੀ ਲੇਖ ਅਤੇ ਖੋਜ ਪੱਤਰ ਲਿਖੇ ਗਏ ਹਨ ਜੋ ਚੰਡੀਗੜ੍ਹ ਤੋਂ ਛਪਦੇ ਅੰਮ੍ਰਿਤ ਕੀਰਤਨ ਮੈਗਜ਼ੀਨ, ਭੈਣੀ ਸਾਹਿਬ ਤੋ ਵਲੋਂ ਪ੍ਰਕਾਸ਼ਿਤ ਵਰਿਆਮ ਮੈਗਜ਼ੀਨ, ਚੀਫ ਖਾਲਸਾ ਦੀਵਾਨ ਦੇ ਭਾਈ ਵੀਰ ਸਿੰਘ ਕਾਲਜ ਵਲੋਂ ਛੱਪਦੇ ਸਲਾਨਾ ਮੈਗਜ਼ੀਨ ਅਤੇ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਛਪਦੇ ਗੁਰਮਤਿ ਪ੍ਰਕਾਸ਼ ਮੈਗਜ਼ੀਨ , ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਪ੍ਰਕਾਸ਼ਿਤ ਕਿਤਾਬ ' ਗੁਰਮਤਿ ਸੰਗੀਤ ਤੇ ਭਗਤੀ ਕੀਰਤਨ ਪਰੰਪਰਾ' ਅਤੇ ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ ਜੰਡਿਆਲਾ ਗੁਰੂ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਕਿਤਾਬ 'ਗੁਰਮਤਿ ਸੰਗੀਤ ਅਧੁਨਿਕ ਪਰਿਪੇਖ' ਆਦਿ ਵਿੱਚ ਛੱਪ ਚੁੱਕੇ ਹਨ ।

ਆਪ ਗੁਰਬਾਣੀ ਕੀਰਤਨ (ਧਰੂਵੱਪਦ ਅੰਗ) ਅਤੇ ਪਖਾਵਜ ਦੀ ਲਾਹੌਰ ਬਾਜ ਦੀ ਪਰੰਪਰਾ ਆਦਿ ਕਿਤਾਬਾਂ ਵੀ ਲਿਖ ਰਹੇ ਹਨ ।
ਆਪ ਅਨੇਕਾਂ ਰਿਸਰਚ ਪੇਪਰ ਗੁਰਬਾਣੀ ਕੀਰਤਨ ਅਤੇ ਪਖਾਵਜ ਸਬੰਧੀ ਲਿੱਖ ਚੁੱਕੇ ਹਨ ਜੋ ਇਸ ਪ੍ਰਕਾਰ ਹਨ-

੧ . ਗੁਰੂ ਗ੍ਰੰਥ ਸਾਹਿਬ ਵਿੱਚ 'ਘਰੁ' ਦਾ ਮਹੱਤਵ
੨ ਗੁਰਬਾਣੀ ਕੀਰਤਨ ਪਰੰਪਰਾ ਵਿੱਚ ਪਖਾਵਜ ਦਾ ਯੋਗਦਾਨ
੩ ਹਿੰਦੋਸਤਾਨੀ ਸੰਗੀਤ ਵਿੱਚ ਪੰਜਾਬ ਘਰਾਣੇ ਦੇ ਪਖਾਵਜ ਦਾ ਯੋਗਦਾਨ
੪ ਧਰੂਵਪਦ ਅੰਗ ਤੋਂ ਗੁਰਬਾਣੀ ਕੀਰਤਨ ਦਾ ਅਧਿਐਨ ਆਦਿ
੫ ਸੰਗੀਤ ਰਤਨਾਕਰ ਵਿੱਚ ਗ੍ਰਹਿ ਲੱਛਣ

ਸੈਮੀਨਾਰਾਂ ਵਿੱਚ ਖੋਜ ਪੱਤਰ ਪੜ੍ਹਨ ਦਾ ਸੁਭਾਗ ਵੀ ਪ੍ਰਾਪਤ ਹੋ ਚੁਕਾ ਹੈ ।

ਵੱਖ ਵੱਖ ਯੂਨੀਵਰਸਿਟੀਆਂ ਦੇ ਪੀ.ਐਚ .ਡੀ ਕਰ ਰਹੇ ਅਨੇਕਾਂ ਵਿਦਿਆਰਥੀ ਵੀ ਖੋਜ ਸਬੰਧੀ ਆਪ ਜੀ ਕੋਲੋ ਖੋਜ ਭਰਪੂਰ ਗਿਆਨ ਪ੍ਰਾਪਤ ਕਰ ਚੁੱਕੇ ਹਨ । ਭਾਈ ਮਰਦਾਨਾ ਪ੍ਰੋਜੈਕਟ ਇੰਗਲੈਂਡ ਅਤੇ ਮਿਊਜ਼ਿਕ ਲਵਰਸ ਚੈਨਲ ਨਿਊਜ਼ੀਲੈਂਡ ਵਲੋਂ ਆਪ ਜੀ ਦੀ ਵਿਸ਼ੇਸ ਤੌਰ ਤੇ ਇੰਟਰਵੀਊ ਕੀਤੀ ਗਈ ਹੈ । ਡਾਇਨਾਮਿਕ ਗੱਰੁਪ ਆਫ ਰੰਘਰੇਟਾਜ਼ ਅੰਮ੍ਰਿਤਸਰ ਵਲੋਂ ਆਪ ਜੀ ਨੂੰ ' ਭਾਈ ਜੈਤਾ ਜੀ ਅਵਾਰਡ ' ਨਾਲ ਸਨਮਾਨਿਆ ਜਾ ਚੁੱਕਾ ਹੈ ।

ਆਪ ਅਨੇਕਾਂ ਸੰਸਥਾਵਾਂ ਵਲੋਂ ਸਨਮਾਨਿਤ ਹੋ ਚੁਕੇ ਹਨ ਜੋ ਕੁੱਝ ਇਸ ਤਰਾਂ ਹਨ- ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਦਿੱਲੀ , ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਪਟਿਆਲਾ ਘਰਾਣਾ ਮਾਂ ਸ਼ਾਰਦਾ ਸੰਗੀਤ ਸਭਾ ਪਟਿਆਲਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਬਰਾਂਚ ਮੁਹਾਲੀ, ਸਾਉਲ ਆਫ ਮਿਊਜਿਕ ਗੁਰਦਾਸਪੁਰ, ਬਜ਼ਮ ਏ ਅਹਬਾਬ ਏ ਅਦਬ ਪਠਾਨਕੋਟ, ਜਵੱਦੀ ਟਕਸਾਲ ਲੁਧਿਆਣਾ, ਸੰਤ ਬਾਬਾ ਸੁਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ ਜੰਡਿਆਲਾ ਗੁਰੂ ਅੰਮ੍ਰਿਤਸਰ ਅਤੇ ਵਾਇਸ ਆਫ ਧਾਰੀਵਾਲ ਆਦਿ।

ਆਪ ਹਿੰਦੋਸਤਾਨ ਤੋ ਇਲਾਵਾ ਹਾਂਗਕਾਂਗ, ਸਿੰਗਾਪੁਰ, ਮਲੇਸ਼ੀਆ, ਇੰਡੋਨੇਸ਼ੀਆ, ਕੈਨੇਡਾ ਅਤੇ ਅਮਰੀਕਾ ਆਦਿ ਦੇਸ਼ਾਂ ਵਿੱਚ ਵੀ ਗੁਰਬਾਣੀ ਕੀਰਤਨ ਅਤੇ ਕਲਾ ਰਾਹੀਂ ਸੇਵਾ ਕਰ ਚੁਕੇ ਹਨ।

ਆਪ ਗੁਰੂ ਘਰ ਦੇ ਸ਼ਬਦ ਪ੍ਰਧਾਨ ਧਰੂਵਪਦ ਧਮਾਰ ਅੰਗ ਦੀਆਂ ਸੰਗੀਤ ਦੇ ਸਿਧਾਂਤਕ ਪੱਖ ਤੋਂ ਲਗਭਗ 50 ਤੋਂ ਵੱਧ ਨਿਰਧਾਰਤ ਰਾਗਾਂ ਵਿੱਚ ਸ਼ਬਦਾਂ ਦੀਆਂ ਬੰਦਿਸ਼ਾਂ ਤਿਆਰ ਕਰ ਚੁਕੇ ਹਨ ਜਿਨ੍ਹਾਂ ਨੂੰ ਪਖਾਵਜ ਦੀਆਂ ਭਿੰਨ ਭਿੰਨ ਤਾਲਾਂ ਵਿੱਚ ਲੈਅ ਬੱਧ ਹਨ । ਆਪ ਦਾ ਸੱਪੁਤਰ ਜਸਪ੍ਰੀਤ ਸਿੰਘ ਧਾਰੀਵਾਲ (ਇੰਜੀਨੀਅਰ) ਪਖਾਵਜ ਦੀ ਤਾਲੀਮ ਲੈ ਰਿਹਾ ਹੈ । ਆਪ ਸੰਗੀਤ ਦੇ ਪ੍ਰਚਾਰ ਨੂੰ ਮੁੱਖ ਰਖੱਦੇ ਹੋਏ 'ਸੰਗੀਤ ਵਿਲਾਸ' ਧਾਰੀਵਾਲ ਵਿਖੇ ਅਨੇਕਾਂ ਵਿਦਿਆਰਥੀਆਂ ਨੂੰ ਗੁਰਬਾਣੀ ਕੀਰਤਨ, ਤਬਲਾ ਅਤੇ ਪਖਾਵਜ ਦੀ ਸਿੱਖਿਆ ਵੀ ਦੇ ਰਹੇ ਹਨ । ਆਪ ਪੰਜਾਬ ਦੇ ਅਲੋਪ ਹੋ ਰਹੇ ਸਾਜ਼ 'ਉਖੱਲੀ-ਧਾਮਾਂ' ਦੀ ਲਾਹੌਰ ਬਾਜ ਦੇ ਵੀ ਇੱਕਲੌਤੇ ਕਲਾਕਾਰ ਹਨ ਜੋ ਇੱਸ ਸਾਜ਼ ਦੀ ਰਵਾਇੱਤ ਨੂੰ ਵੀ ਸੰਭਾਲ ਅਤੇ ਪ੍ਰਚਾਰ ਰਹੇ ਹਨ । ਆਪ ਗੁਰੂ ਸਬਦ ਦੇ ਕੀਰਤਨ ਦਾ ਗਾਇਨ ਸਬਦ ਦੇ ਭਾਵ ,ਤਾਲ ਦੇ ਚਲਨ ਅਤੇ ਰਾਗ ਦੀ ਨਿਰਧਾਰਤ ਪਰੰਪਰਾ ਨੂੰ ਪ੍ਰੱਮੁਖ ਰੱਖ ਕੇ ਗੁਰੂ ਦੇ ਆਸ਼ੇ ਅਨੁਸਾਰ ਪਖਾਵਜ ਦੇ ਸਾਥ ਨਾਲ ਕੀਰਤਨ ਕਰਦੇ ਹਨ ।

 # 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ, ਜਿਲ੍ਹਾ-ਗੁਰਦਾਸਪੁਰ ਪੰਜਾਬ (ਇੰਡੀਆ)
ਫੋਨ **:- + 91 - 98143 49658**
Email – harbhajansinghdhariwal@gmail.com

ਰਾਗ ਬਹਾਰ

ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਕਾਫੀ ਠਾਠ ਦਾ ਕਾਨ੍ਹੜਾ ਪ੍ਰਕਾਰ ਦਾ ਰਾਗ ਅੱਧੀ ਰਾਤ ਗਏ ਜਾਂ ਬਸੰਤ ਰੁੱਤ ਵਿੱਚ ਗਾਇਆ ਜਾਂਦਾ ਹੈ। ਇਸ ਖਾੜਵ ਰਾਗ ਦੇ ਆਰੋਹ ਵਿੱਚ ਰਿਖਬ ਅਤੇ ਅਵਰੋਹ ਵਿੱਚ ਧੈਵਤ ਸੁਰ ਨੂੰ ਵਰਜਿਆ ਜਾਂਦਾ ਹੈ। ਗੰਧਾਰ ਕੋਮਲ, ਦੋਵੇਂ ਨਿਖਾਦ, ਬਾਕੀ ਸੁਰ ਸ਼ੁੱਧ, ਮਧਯਮ ਵਾਦੀ ਅਤੇ ਸੰਵਾਦੀ ਖਰਜ ਹੈ। ਸ੍ਰੀ ਪਟਵਰਧਨ ਅਨੁਸਾਰ ਇਸ ਰਾਗ ਵਿੱਚ ਸ਼ੁੱਧ ਨਿਖਾਦ ਬਿਲਕੁਲ ਨਹੀਂ ਲੱਗਦਾ ਪਰ ਇਸ ਰਾਗ ਦੇ ਪ੍ਰਚਲਤ ਸਰੂਪ ਨੂੰ ਵੇਖਦਿਆਂ ਦੋਵੇਂ ਨਿਖਾਦ ਵਰਤੇ ਜਾਂਦੇ ਹਨ। ਇਸ ਰਾਗ ਦੀਆਂ ਬੰਦਿਸ਼ਾਂ ਵੱਲ ਜਾਈਏ ਤਾਂ ਆਰੋਹ ਵਿੱਚ ਕਈ ਵਾਰੀ ਪੰਚਮ ਨਹੀਂ ਵਰਤਿਆ ਗਿਆ ਅਤੇ ਅਵਰੋਹ ਵਿੱਚ ਗੰਧਾਰ ਵਕ੍ਰ ਰੂਪ ਵਿੱਚ ਆਉਂਦਾ ਹੈ। ਜਲਦ ਤਾਨਾਂ ਲੈਂਦੇ ਸਮੇਂ ਆਰੋਹ ਵਿੱਚ ਰਿਖਬ ਵੀ ਲੱਗ ਜਾਂਦਾ ਹੈ ਖਾਸ ਕਰਕੇ ਤਾਰ ਸਪਤਕ ਵਿੱਚ : ਸੰ ਰੰ ਗੁੰ ਰੰ ਸੰ ਨੁ ਪ ਮ ਪ ਗੁ ਮ ਰ ਸ। ਇਹ ਰਾਗ ਤਾਰ ਸਪਤਕ ਵਿੱਚ ਜ਼ਿਆਦਾ ਖਿੜਦਾ ਹੈ ਅਤੇ ਵਿਲੰਬਤ ਖਿਆਲ ਬਹੁਤ ਘੱਟ ਗਾਏ ਜਾਂਦੇ ਹਨ।

ਆਰੋਹ: ਨ਼ੁ ਸ ਗੁ ਮ, ਪ, ਗੁ ਮ ਧ ਨ ਸੰ

ਅਵਰੋਹ: ਸੰ ਨੁ ਪ, ਮ, ਪ, ^{ਮ}ਗੁ ਮ ^{ਸ}ਰ ਸ

ਮੁੱਖ ਅੰਗ: ਮ ਪ ਗੁ ਮ, ਧ, ਨ ਸੰ।

ਚਾਲ: ਨ਼ੁ ਸ ਰ ਸ ਨ਼ੁ ਸ ਮ –, ਮ ਪ ^{ਮ}ਗੁ ਮ – ਨੁ ਪ ਮ ਪ ^{ਮ}ਗੁ ਮ ^{ਸ}ਰ – ਸ, ਸ ਮ – ਮ ਨੁ ਪ–
ਮ ਪ ਗੁ ਮ ^{ਸ}ਰ – ਸ, ਸ ਮ – ਮ ਪ ਗੁ ਮ ਧ ਨ ਸੰ, ਨ ਸੰ ਨੁ ਪ ਮ ਪ ਗੁ ਮ ^{ਸ}ਰ ਸ।
^{ਮ}ਗੁ ਮ ਧ ਨ ਸੰ – ਨ ਸੰ ਰੰ ਸੰ, $^{ਮੰ}$ਗੁੰ $^{ਮੰ}$ਗੁੰ ਮੰ – $^{ਸੰ}$ਰੰ ਸੰ, ਗੁ ਮ ਧ ਨ ਸੰ, ਨੁ – ਪ – ਮ ਪ ਗੁ
ਮ ਰ ਸ।

ਅਸਥਾਈ

ਨੁ	–	ਪ	ਪ	ਮ	ਪ	ਗੁ	ਮ	ਨੁ	ਧ	ਨ	ਸੰ	ਨਸੰ	ਰੰ	ਨ	ਸੰ
ਰਾ	ऽ	ਮ	ਨਾ	ऽ	ਮ	ਬਿ	ਨ	ਕਿ	ਨ	ਗ	ਤ	ਪ੍ਰਾऽ	ऽ	ਈ	ऽ
ਸੰ	ਸੰ	ਸੰ	ਨ	ਸੰ	–	ਨੁ	ਪ	ਗੁ	–	^{ਮ}ਗੁ	ਮ	^{ਮ}ਰ	–	ਸ	–
ਕ	ਹੁ	ऽ	ਕ	ਬੀ	ऽ	ਰ	ਸੁ	ਨਹੁ	ऽ	ਨ	ਰ	ਭਾ	ऽ	ਈ	ऽ
ਸ	–	ਮ	ਮ	ਮ	ਪ	ਗੁ	ਮ	ਨੁ	ਧ	ਨ	ਸੰ	ਨਸੰ	ਰੰ	ਨ	ਸੰ
ਰਾ	ऽ	ਮ	ਨਾ	ऽ	ਮ	ਬਿ	ਨ	ਕਿ	ਨ	ਗ	ਤ	ਪ੍ਰਾऽ	ऽ	ਈ	ऽ
੦				੩				x				੨			

ਅੰਤਰਾ

ਮ	ਮ	ਮ	ਮ	ਨੁ	ਧ	ਨ	–	ਸਂ	–ਸਂ	ਸਂ	–	ਸਂ	ਰਂ	ਸਂ	–
ਨ	ਗ	ਨ	ਫਿ	ਰ	ਤ	ਜੌ	ऽ	ਪਾ	ऽਈ	ਐ	ऽ	ਜੋ	ऽ	ਗ	ऽ
ਰਂ	ਰਂ	ਰਂ	ਮਂ	ਰਂ	ਰਂ	ਸਂ	ਸਂ	ਨਨ	ਨ	ਸਂ	ਸਂ	ਨਸਂ	ਰਂਸਂ	ਨੁ	ਪ,
ਬ	ਨ	ਕਾ	ऽ	ਮਿ	ਰ	ਗ	ਮੁ	ऽਕੁ	ਤ	ਸ	ਭ	ਹੋऽ	ऽऽ	ਗ	ऽ,
	ਨੁ	ਨੁ	ਧ	ਨੁ	–	ਪ	ਪ	ਮ ਗੁ	–	ਗੁ	ਮ	ਰ	–	ਸ	–
ऽ	ਕ	ਹੁ	ਕ	ਬੀ	ऽ	ਰ	ਸੁ	ਨਹੁ	ऽ	ਨ	ਰ	ਭਾ	ऽ	ਈ	ऽ
ਸ	–	ਮ	ਮ	–	ਪ	ਮ ਗੁ	ਮ	ਨੁ	ਧ	ਨ	ਸਂ	ਨਸਂ	ਰਂ	ਨ	ਸਂ
ਗਾ	ऽ	ਮ	ਨਾ	ऽ	ਮ	ਬਿ	ਨ	ਕਿ	ਨ	ਗ	ਤ	ਪ੍ਰਾऽ	ऽ	ਈ	ऽ
੦				੩				x				੨			



ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਗਉੜੀ ਕਬੀਰ ਜੀ ॥

ਨਗਨ ਫਿਰਤ ਜੌ ਪਾਈਐ ਜੋਗੁ ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥
ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥੧॥ ਰਹਾਉ ॥
ਮੂਡ ਮੁੰਡਾਏ ਜੌ ਸਿਧਿ ਪਾਈ ॥
ਮੁਕਤੀ ਭੇਡ ਨ ਗਈਆ ਕਾਈ ॥੨॥
ਬਿੰਦੁ ਰਾਖਿ ਜੌ ਤਰੀਐ ਭਾਈ ॥
ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥
ਕਹੁ ਕਬੀਰ ਸੁਨਹੁ ਨਰ ਭਾਈ ॥
ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥

ENGLISH TRANSLATION

Gauree, Kabeer Jee:

If Yoga could be obtained by wandering around naked, then all the deer of the forest would be liberated. ||1|| What does it matter whether someone goes naked, or wears a deer skin, if he does not remember the Lord within his soul? ||1||Pause|| If the spiritual perfection of the Siddhas could be obtained by shaving the head, then why haven't sheep found liberation? ||2|| If someone could save himself by celibacy, O Siblings of Destiny, why then haven't eunuchs obtained the state of supreme dignity? ||3|| Says Kabeer, listen, O men, O Siblings of Destiny: without the Lord's Name, who has ever found salvation? ||4||4||

(Sri Guru Granth Sahib Page: 324)

RNI Regd. No.46788/89 ISSN 0972-2335

ਮਿਹਰਬਾਨ ਵਾਲੀ ਜਨਮ ਸਾਖੀ 59 ਵਿੱਚ ਬਸੰਤ ਦੀ ਵਿਆਖਿਆ ਨਾਮਕ ਇਕ ਸਾਖੀ ਆਉਂਦੀ ਹੈ:

ਜਦਿ ਗੁਰੂ ਨਾਨਕੁ ਜੀ ਪੰਜੀਸ ਛਬੀਸ ਬਰਸ ਕਾ ਭੈਆ
ਤਬ ਏਕ ਦਿਨਿ ਪੰਜਾਬ ਕੀ ਧਰਤੀ ਨਗਰਿ ਤਲਵੰਡੀ ਰਾਇ ਭੋਇ ਦੀ
ਗੁਰੂ ਬਾਬਾ ਨਾਨਕ ਜੀ ਅੰਦਰਿ ਘਰਿ ਕੈ ਬਿਖੈ ਪੜਿਆ ਹੀ ਰਹਤਾ।
ਜਬ ਕਈ ਮਾਸ ਦਿਨ ਪੜਿਆ ਹੀ ਰਹਿਆ ਤਬ ਬਸੰਤ ਚੜਿਆ।
ਤਬ ਜਿਤਨੇ ਲੋਕ ਤਲਵੰਡੀ ਕੇ ਥੇ ਏਤਨਿਆਂ ਲੋਕ ਮਿਲਿਨਿ ਆਇ
ਜਿ ਨਾਨਕ ਜੀ ਤੈ ਬਹੁਤੁ ਦਿਨ ਮਾਹ ਬੈਠੇ ਹੋਏ ਹੈਨਿ ਅੰਦਰੇ,
ਪਰੁ ਹੁਣਿ ਚੇਤ੍ਰ ਚੜਿਆ ਹੈ।
ਲੋਕ ਸਭਿ ਬਸੰਤੁ ਚੜਿਐ ਖੁਸੀ ਹੋਤੇ ਹੈਂ, ਬਾਹਰਿ ਚਲੀਐ,
ਏਕ ਬਾਰ ਚੇਤ ਕੀ ਬਹਾਰ ਲੀਜੀਐ।
ਤਬ ਗੁਰੂ ਬਾਬੈ ਨਾਨਕ ਜੀ ਬਸੰਤ ਰਾਗ ਮਹਿ ਬਾਣੀ ਬੋਲੀ ਜਿ:

ਮਾਹਾ ਮਾਹਾ ਮੁਮਾਰਖੀ ਚੜਿਆ ਸਦਾ ਬਸੰਤ।।
(ਬਸੰਤ ਮਹਲਾ ੧, ਪੰਨਾ 1168)